ਪੰਜ ਕੀਮਤਾਂ

ਸਾਡਾ ਇਹ ਦਾਅਵਾ ਨਹੀਂ ਕਿ ਸਾਰੇ ਰਾਗ ਹੀ ਇਸ ਤਰ੍ਹਾਂ ਭਿੰਨ ਭਿੰਨ ਦੇਸ-ਧੁਨੀਆਂ ਦਾ ਹੀ ਵਿਕਸਤ ਰੂਪ ਹਨ। ਬਹੁਤ ਸਾਰੇ ਰਾਗ ਹੋਰ ਢੰਗ ਨਾਲ ਵੀ ਰੂਪਮਾਨ ਹੋਏ ਹੋਣਗੇ ਤੇ ਉਨ੍ਹਾਂ ਦੇ ਨਾਂ ਕਿਸੇ ਹੋਰ ਵਿਸ਼ੇਸ਼ ਕਾਰਣ ਅਧੀਨ ਵੀ ਰਖੇ ਗਏ ਹੋਣਗੇ ਪਰ ਮੁਢ ਵਿਚ ਅਡੋ ਅੱਡ ਇਲਾਕਿਆਂ ਦੀਆਂ ਗਾਉਣ-ਵਿਧੀਆਂ ਨੇ ਰਾਗਾਂ ਦੇ ਨਾਂ ਬਣਾਉਣ ਵਿਚ ਜ਼ਰੂਰ ਕਾਫ਼ੀ ਹਿਸਾ ਪਾਇਆ ਹੈ। ਪੰਜਾਬ ਦੇ ਕਈ ਹਿਸਿਆਂ ਦੇ ਪੁਰਾਣੇ ਨਾਂ ਹੁਣ ਵਿਸਰ ਗਏ ਹਨ ਤੇ ਹੋਰ ਦੇ ਹੋਰ ਹੋ ਗਏ ਹਨ ਪਰ ਪ੍ਰਾਚੀਨ ਸਾਹਿਤ ਤੋਂ ਪਤਾ ਲਗਦਾ ਹੈ ਕਿ ਉਹ ਨਾਂ ਕਿਸੇ ਸਮੇਂ ਆਮ ਪ੍ਰਚਲਤ ਸਨ ਤੇ ਉਨ੍ਹਾਂ ਇਲਾਕਾਈ ਨਾਮਾਂ ਉਤੇ ਵੀ ਰਾਗਾਂ ਦੇ ਨਾਂ ਹੁਣ ਤਕ ਲਏ ਜਾਂਦੇ ਹਨ ਜਿਵੇਂ ਆਸਾ, ਧਨਾਸਰੀ, ਮਾਝ ਆਦਿ। ਆਸਾ ਦੇਸ ਰਾਵੀ ਲਾਗੇ ਦੇ ਇਲਾਕੇ ਦਾ ਨਾਂ ਰਿਹਾ ਹੈ ਤੇ ਧਨਾਸਰੀ ਦੇਸ ਮੁਲਤਾਨ ਵਾਲੇ ਹਿਸੇ ਨੂੰ ਕਹਿੰਦੇ ਸਨ ਤੇ ਇਨ੍ਹਾਂ ਨਾਮਾਂ ਦੀ ਵਰਤੋਂ 'ਪੁਰਾਤਨ ਜਨਮ ਸਾਖੀ' ਵਿਚ ਮਿਲਦੀ ਹੈ। ਆਸਾ, ਧਨਾਸਰੀ, ਤੇ ਮਾਝ ਇਹ ਨਿਰੋਲ ਪੰਜਾਬ ਦੇ ਸ੍ਵਦੇਸ਼ੀ ਰਾਗ ਹਨ, ਜਿਵੇਂ ਆਸਾ ਰਾਗ ਤੇ ਧਨਾਸਰੀ ਰਾਗ ਉਪਰੋਕਤ ਇਲਾਕਿਆਂ ਦੇ ਨਾਂ ਉਤੇ ਪ੍ਰਚਲਤ ਹੋ ਗਏ ਤਿਵੇਂ 'ਮਾਝਾ' ਨਾਂ ਦੇ ਇਲਾਕੇ ਦੇ ਨਾਂ ਤੇ ਮਾਝ ਰਾਗ ਦਾ ਨਾਮ ਚਾਲੂ ਹੋਇਆ।

ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿਚ 'ਮੱਧ ਦੇਸ' ਦਾ ਜ਼ਿਕਰ ਆਮ ਮਿਲਦਾ ਹੈ, ਜਿਸ ਦਾ ਘੇਰਾ ਰਾਵੀ ਤੋਂ ਲੈ ਕੇ ਪ੍ਰਯਾਗ ਤਕ ਦਾ ਦੱਸਿਆ ਗਿਆ ਹੈ ਕਿਤੇ ਕਿਤੇ ਦੂਜੇ ਪਾਸੇ ਦੀ ਹੱਦ ਸਰਸਤੀ ਵੀ ਆਖੀ ਗਈ ਹੈ। ਕੁਝ ਵੀ ਹੋਵੇ ਇਹ ਮੰਨਣਾ ਪੈਂਦਾ ਹੈ ਕਿ ਇਸ ਦੇਸ ਦੀ ਸੀਮਾਂ ਅੰਦਰ ਪੰਜਾਬ ਦਾ ਕਾਫ਼ੀ ਹਿਸਾ ਸ਼ਾਮਲ ਸੀ। ਕਈ ਜੁਗਗਰਦੀਆਂ ਹੋਈਆਂ, ਰਾਜ ਬਦਲੇ ਤੇ ਉਨ੍ਹਾਂ ਨਾਲ ਭੂਗੋਲਕ ਹੱਦਾਂ ਤੇ ਨਾਵਾਂ ਥਾਵਾਂ ਦੀ ਵੀ ਤਬਦੀਲੀ ਹੋਈ, ਇਹ ਇਕ ਬੜੀ ਲੰਮੀ ਕਹਾਣੀ ਹੈ। ਜੇ ਅਸੀਂ ਬਹੁਤੇ ਝੰਬੇਲੇ ਵਿਚ ਨ ਪਈਏ ਤਾਂ ਸਾਨੂੰ ਅਜੇਹਾ ਮੰਨਣੋਂ ਸੰਕੋਚ ਨਹੀਂ ਹੋਣਾ

ਚਾਹੀਦਾ ਕਿ ਮੱਧ ਸ਼ਬਦ ਦਾ ਦੂਜਾ ਰੂਪ 'ਮੱਝ' ਜਾਂ ਮਾਝਾ ਹੈ। ਧ ਦੀ ਥਾਂ ਝ ਦਾ ਪਰਿਵਰਤਨ ਪੰਜਾਬੀ ਵਿਚ ਆਮ ਮਿਲਦਾ ਹੈ ਜਿਵੇਂ ਮਧਲੀ ਜਾਂ ਮਝਲੀ, ਲੱਧਣਾ ਜਾਂ ਲੱਝਣਾ, ਗੱਧਾ ਜਾਂ ਗੱਝਾ, ਰਿੱਧਾ ਜਾਂ ਰਿੱਝਾ। ਅੱਜ ਵੀ ਪੰਜਾਬ ਦੇ ਇਕ ਹਿਸੇ ਦਾ ਨਾਂ ਮਝਾ ਹੈ ਜੋ ਕਿ ਇਸ ਪੁਰਾਣੇ ਨਾਂ ਦਾ ਬਦਲਿਆ ਰੂਪ ਹੀ ਹੈ। ਮਾਲੂਮ ਹੁੰਦਾ ਹੈ ਇਸ ਦੇਸ ਦੀ ਖਾਸ ਗਾਉਣ ਧੁਨੀ (Local Tune) ਦਾ ਨਾਂ ਮਾਝ ਰਾਗ ਕਰਕੇ ਮਸ਼ਹੂਰ ਹੋਇਆ ਤਾਂ ਬਾਦ ਵਿਚ ਇਸੇ ਤੋਂ 'ਮਾਝ' ਕਾਵਿ-ਰੂਪ ਚਲਿਆ। 'ਮਾਝ ਨਿਰੋਲ ਦੇਸੀ ਰਾਗ ਹੈ, 'ਸੁਰਤਾਲ ਸੰਬੂਹ' ਵਿਚ ਲਿਖਿਆ ਹੈ ਕਿ ਸੋਰਠਿ, ਬਿਲਾਵਲ, ਸਾਰੰਗ, ਧਨਾਸਰੀ, ਨਟ ਪੰਜੇ ਮਿਲਨੇ ਕਰ ਕੇ ਮਾਝ ਰਾਗ ਬਣਦਾ ਹੈ। ਕਈ ਇਸਨੂੰ ਰਾਗਣੀ ਕਰਕੇ ਵੀ ਕਹਿੰਦੇ ਹਨ ਪਰੰਤੂ ਬੁਧ ਪ੍ਰਕਾਸ਼ ਦਰਪਣ ਵਿਚ ਇਉਂ ਲਿਖਿਆ ਹੈ—ਸ੍ਰੀ ਰਾਗ ਮਧੁ ਮਾਧਵੀ, ਅਰ ਮਲਾਰ ਸੁਰ ਜਾਣ

ਇਹ ਮਿਲ ਮਾਝ ਕਥਾਨਹੀ, ਲੀਜੋ ਗੁਨਿ ਜਨ ਮਾਨ।

ਸੰਪੂਰਣ ਹੈ, ਸ, ਰ, ਗ, ਮ, ਪ, ਧ, ਨੀ। ਦੁਪਹਿਰ ਦੇ ਪਿਛੋਂ ਇਸਨੂੰ ਗਾਉਂਦੇ ਇਹ ਦੇਸੀ ਰਾਗ ਹੋਣੇ ਤੇ ਸੰਗੀਤ ਵਿਚੋਂ ਹੋਰ ਬਹੁਤਾ ਹਾਲ ਨਹੀਂ ਮਿਲਦਾ।

(ਬਾਣੀ ਬਿਉਰਾ ਪੰਨਾ ਪੜ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ੩੧ ਰਾਗਾਂ ਵਿਚ ਮਾਝ ਵੀ ਆਉਂਦਾ ਹੈ ਤੇ ਉਸ ਸਮੇਂ ਦੇ ਹੋਰ ਸੂਫੀ ਕਵੀਆਂ ਵੀ ਮਾਝ ਰਾਗ ਵਿਚ ਕਾਫੀਆਂ ਤੇ ਸ਼ਬਦ ਆਦਿ ਲਿਖੇ ਹਨ। ਮਾਝ ਰਾਗ ਦਰਦ ਤੇ ਵੇਦਨਾ ਦਾ ਰਾਗ ਹੈ ਜਦੋਂ ਗੁਰੂ ਅਰਜਨ ਸਾਹਿਬ ਨੇ ਵਿਛੋੜੇ ਵਿਚ ਲਾਹੌਰ ਤੋਂ ਪਿਤਾ ਗੁਰੂ ਰਾਮਦਾਸ ਵਲ ਪ੍ਰੇਮ-ਪੱਤਰ ਲਿਖੇ ਸਨ ਤਾਂ ਉਹ ਮਾਝ ਦੀਆਂ ਦਰਦਨਾਕ ਸੁਰਾਂ ਵਿਚ ਹੀ ਗੁਣਗੁਣਾਏ ਸਨ :—

ਮੇਰਾ ਮਨ ਲੋਚੈ ਗੁਰਦਰਸਨ ਤਾਈਂ
ਬਿਲਪ ਕਰੇ ਚਾਤ੍ਰਿਕ ਕੀ ਨਿਆਈਂ

ਤ੍ਰਿਖਾ ਨ ਉਤਰੈ ਸ਼ਾਂਤਿ ਨ ਆਵੈ
ਬਿਨ ਦਰਸਨ ਸੰਤ ਪਿਆਰੇ ਜੀਉ।

ਮਾਝ ਰਾਗ ਦਾ ਇਹ ਵਿਸ਼ੇਸ਼ ਕਿਰਦਾਰ ਹੀ ਮਾਝ ਕਾਵਿ-ਰੂਪ ਨੂੰ ਵਿਰਸੇ ਵਿਚ ਪ੍ਰਾਪਤ ਹੋਇਆ ਲਗਦਾ ਹੈ। ਇਕ ਗੱਲ ਸਾਫ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਾਝ ਰਾਗ ਤਾਂ ਆਇਆ ਹੈ ਪਰ ਮਾਝ ਕਾਵਿ-ਰੂਪ ਦੀ ਵਰਤੋਂ ਨਹੀਂ। ਰਾਗ ਗਉੜੀ ਵਿਚ ਕਈ ਥਾਵੀਂ 'ਗਉੜੀ ਮਾਝ ਮ: ੫ ਜਾਂ 'ਰਾਗ ਗਉੜੀ ਮ: ੫ ਮਾਝੁ' ਇਉਂ ਸਿਰਲੇਖ ਵੀ ਦਿਤਾ ਗਿਆ ਹੈ ਪਰ ਇਹ ਦੋ ਰਾਗਾਂ ਦੀ ਮਿੱਸ ਹੀ ਪਰਗਟ ਕਰਦਾ ਹੈ, ਵਿਸ਼ੇਸ਼ ਕਾਵਿ-ਰੂਪ ਵਲ ਸੰਕੇਤ ਨਹੀਂ ਕਰਦਾ। ਇਸੇ ਤਰ੍ਹਾਂ ਸ਼ਾਹ ਹੁਸੈਨ ਦੀ ਇਕ ਕਾਫੀ ਦਾ ਹੈਡਿੰਗ ਹੈ 'ਮਾਝੁ ਕਾਫੀ', ਇਹ ਵੀ ਮਾਝ ਰਾਗ ਵਲ ਹੀ ਸੰਕੇਤ ਕਰਦੀ ਲਗਦੀ ਹੈ ਪਰ ਇਸਦਾ ਛੰਦਕ ਢਾਂਚਾ ਮਾਝ ਕਾਵਿ-ਰੂਪ ਦੇ ਬਹਿਰ ਨਾਲ ਕੁਝ ਕੁਝ ਮਿਲਦਾ ਜੁਲਦਾ ਹੈ :-

ਦਿਲ ਦਰਦਾਂ ਕੀਤੀ ਪੂਰੀ ਨੀ ਦਿਲ ਦਰਦਾਂ ਕੀਤੀ ਪੂਰੀ।੧। ਰਹਾਉ।
ਲੱਖ ਕਰੋੜ ਜਿਨ੍ਹਾਂ ਦੇ ਜੁੜਿਆ, ਸੋ ਭੀ ਝੂਰੀ ਝੂਰੀ
ਭੱਠਿ ਪਈ ਤੇਰੀ ਚਿਟੀ ਚਾਦਰ, ਚੰਗੀ ਫਕੀਰਾਂ ਦੀ ਭੂਰੀ
ਸਾਧ ਸੰਗਤਿ ਦੇ ਓਲ੍ਹੇ ਰਹਿੰਦੇ, ਬੁਧਿ ਤਿਨ੍ਹਾਂ ਦੀ ਸੂਰੀ
ਕਹੈ ਹੁਸੈਨ ਫਕੀਰ ਸਾਈਂ ਦਾ, ਖ਼ਲਕਤ ਗਈ ਅਧੂਰੀ।

ਸੋ ਇਹ ਤਾਂ ਸ਼ਪਸ਼ਟ ਹੈ ਜੇ ਕਰ ਗੁਰੂ ਸਾਹਿਬ ਨੇ ਮਾਝ ਕਾਵਿ-ਰੂਪ ਵਰਤਿਆ ਹੁੰਦਾ ਤਾਂ ਇਹ ਗੁਰੂ ਗ੍ਰੰਥ ਸਾਹਿਬ ਵਿਚ ਜ਼ਰੂਰ ਮਿਲਦਾ ਪਰ ਐਸਾ ਨਹੀਂ ਹੈ। ਇਹ ਗੱਲ ਜ਼ਰੂਰ ਹੈ ਕਿ ਨਾਨਕ ਨਾਂ ਤੇ ਉਚਰੀ ਗਈ ਬਾਣੀ ਵਿਚ ਕੁਝ ਮਾਝਾਂ ਵੀ ਮਿਲਦੀਆਂ ਹਨ ਭਾਵੇਂ ਇਹ ਪ੍ਰਮਾਣੀਕ ਨਹੀਂ ਪਰੰਤੂ ਪਾਠਕਾਂ ਦੀ ਦਿਲਚਸਪੀ ਲਈ ਇਨ੍ਹਾਂ ਦਾ ਇਥੇ ਦਿਤੇ ਜਾਣਾ ਜ਼ਰੂਰੀ ਹੈ। ਇਹ ਮਾਝਾਂ ਵੀ ਬਾਕੀ ਦੀਆਂ ਮਾਝਾਂ ਵਿਚ ਰਲੀਆਂ-ਮਿਲੀਆਂ ਹੀ

ਹਾਸਲ ਹੋਈਆਂ ਹਨ :-

ਜੇ ਕੋਈ ਆਖੇ ਆਸ਼ਕ ਥੀਆ, ਇਸ਼ਕ ਕਮਾਇਆ ਲੋੜੇ
ਏਂਗੇ ਰਸਕਸ ਸੁਆਦ ਮਿਠਾਈ. ਇਨ੍ਹਾਂ ਥੋਂ ਜੀਉ ਨੇ ਹੋੜੇ
ਅੱਖੀਆਂ ਵਿਚੋਂ ਨੀਂਦ ਗਵਾਵੈ, ਰਸ ਦੁਨੀਆਂ ਦਾ ਛੋੜੇ
ਇਕੋ ਉਤੇ ਰਖੈ ਅਕੀਦਾ, ਬਿਆ ਤਰਫੋਂ ਮਨ ਮੋੜੇ
ਨਾਨਕ ਬਧੀ ਮੈਂ ਤਿਸਦੀ ਜਾਣਾ, ਆਖਰ ਤੀਕ ਨ ਤੋੜੈ ।੧।

ਸਬਦੁ ਗੁਰੂ ਕਾ ਮਾਝੀਆਂ ਧਾਰਾਂ, ਹਉਂ ਅੰਮ੍ਰਿਤ ਕਰਿ ਕਰਿ ਪੀਵਾਂ
ਅਠੇ ਪਹਰਿ ਤੇ ਚਉਸਠਿ ਘੜੀਆਂ,ਹਰਿ ਬਾਣੀ ਸੁਣਿ ਸੁਣਿ ਜੀਵਾਂ
ਜਿਨੀ ਹਰਿ ਕਾ ਨਾਮ ਨ ਜਪਿਓ, ਮੁਖੁ ਤਿਨਾਂ ਦਾ ਨੀਵਾਂ
ਸਾਧ ਸੰਗਤਿ ਤਉਂ ਬਲਿਹਾਰੀ ਨਾਨਕ,ਹਉ ਧੂੜਿ ਸੰਤਾਂ ਦੀ ਥੀਵਾਂ ।੨।

ਮੇਹੀਂ ਪੰਚ ਅਸਾਡੇ ਅੰਦਰ, ਮਨ ਮਾਹੀ ਦੇ ਵਸ ਨ ਆਵਣ
ਪੱਟਣ ਕਿੱਲੇ ਤੇ ਤ੍ਰੋੜਨ ਪੈੜੇ ਪੈਖੜ, ਨਿਤ ਜੂਹ ਪਰਾਈ ਜਾਵਣ
ਹੋੜੀ ਹਟਕੀਆਂ ਰਹਿੰਦੀਆਂ ਨਾਹੀ, ਨਿਤ ਉਲਾਮੇ ਸਨੂੰ ਆਵਣ
ਨਾਨਕ ਗਿਆਨ ਸਰੋਵਰ ਨ੍ਹਾਵਣ, ਤੜਾਂ ਇਹ ਮੇਹੀਂ ਅਲਸਾਵਣ ।੩।

ਬੋਲੀ ਤੇ ਸ਼ੈਲੀ ਦੇ ਢਾਂਚੇ ਤੇ ਪਾਠਕਾਂ ਨੇ ਵੇਖ ਲਿਆ ਹੈ ਕਿ ਇਹ ਰਚਨਾ ਗੁਰੂ ਸਾਹਿਬਾਨ ਦੀ ਨਹੀਂ, ਕਿਸੇ ਸਾਧੂ ਸੰਤ ਨੇ ਇਨ੍ਹਾਂ ਵਿਚ ਐਵੇਂ 'ਨਾਨਕ' ਨਾਂ ਸ਼ਾਮਲ ਕੀਤਾ ਹੈ ।

ਖ਼ੈਰ ਇਹ ਗੱਲ ਸਾਨੂੰ ਮੰਨ ਲੈਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰਚਨਾ ਵੇਲੇ ਮਾਝ ਕਾਵਿ-ਰੂਪ ਪ੍ਰਚਲਤ ਨਹੀਂ ਸੀ ਹੋਇਆ । ਉਸ ਸਮੇਂ ਜੋ ਕਾਵਿ-ਰੂਪ ਸਾਹਿਤ ਵਿਚ ਚਾਲੂ ਸਨ, ਗੁਰੂ ਸਾਹਿਬਾਨ ਨੇ ਉਨ੍ਹਾਂ ਦਾ ਖੁਲ੍ਹ ਕੇ ਪ੍ਰਯੋਗ ਕੀਤਾ ਹੈ, ਜਿਵੇਂ ਬਾਰਾਂਮਾਹ, ਵਾਰਾਂ, ਰੁਤੀ, ਥਿਤੀ, ਬਾਵਨ ਅੱਖਰੀ, ਪੱਟੀ, ਅਲਾਹਣੀਆ, ਘੋੜੀਆਂ, ਸੋਹਲੇ, ਆਦਿ । ਜੇ ਕਰ

ਮਾਝ ਵੀ ਆਮ ਪ੍ਰਚਲਤ ਹੁੰਦਾ ਤਾਂ ਏਸ ਲੋਕ-ਧਾਰਨਾ ਉਤੇ ਵੀ ਬਾਣੀ ਰਚੀ ਜਾਣੀ ਅਸੰਭਵ ਗੱਲ ਨਹੀਂ ਸੀ। ਇਸ ਤੋਂ ਇਹ ਅਨੁਮਾਨ ਹੁੰਦਾ ਹੈ ਕਿ ਇਹ ਕਾਵਿ-ਰੂਪ ਸਤਾਰ੍ਹਵੀਂ ਸਦੀ ਅੰਦਰ ਵਜੂਦ ਵਿਚ ਆਇਆ। ਕਈ ਕੁ ਵਿਚਾਰਵਾਨਾਂ ਦਾ ਇਹ ਵੀ ਖਿਆਲ ਹੈ ਕਿ ਮੱਝੀਆਂ ਦੇ ਛੇੜੂ ਪੰਜਾਬੀ ਮੁੰਡੇ ਇਕ ਖਾਸ ਹੇਕ ਨਾਲ ਗੀਤ ਗਾਉਂਦੇ ਸਨ, ਇਸਨੂੰ ਮਾਝ ਕਿਹਾ ਜਾਂਦਾ ਸੀ ਅਤੇ ਇਸੇ ਤਰਜ਼ ਉਤੇ ਲਿਖੀ ਗਈ ਕਾਵਿ ਰਚਨਾ 'ਮਾਝ' ਅਖਵਾਈ। ਵੈਸੇ ਮਾਝ ਗਾਉਣ ਦਾ ਸਭ ਤੋਂ ਪੁਰਾਣਾ ਜ਼ਿਕਰ 'ਹੀਰ ਮੁਕਬਲ' ਵਿਚ ਮਿਲਦਾ ਹੈ ਕਵੀ ਕਹਿੰਦਾ ਹੈ ਕਿ ਜਦੋਂ ਰਾਂਝੇ ਨੇ ਮਾਝ ਕੂਕੀ ਤਾਂ ਪੰਛੀਆਂ ਅਤੇ ਹੀਰ ਦਾ ਮਨ ਮੋਹ ਲਿਆ:-

ਸੁਣੀ ਵੰਝਲੀ ਰੁਖਾਂ ਨੂੰ ਹਾਲ ਆਇਆ,
ਡਿਗ ਪਏ ਪੰਖੇਰੂ ਜਾਂ 'ਮਾਝ' ਕੂਕੀ।

ਜਾਂ ਇਕ ਥਾਂ ਹੋਰ-

'ਰਾਂਝੇ ਵੰਝਲੀ ਵਾਹ ਕੇ 'ਮਾਝ' ਕੂਕੀ,
ਜੀਉ ਹੀਰ ਦਾ ਆਪਣੇ ਵਸ ਕੀਤਾ।

ਮੁਕਬਲ ਨੇ ੧੭੪੬ ਈ: ਵਿਚ ਹੀਰ ਲਿਖੀ ਸੀ। ਇਸ ਦਾ ਭਾਵ ਇਹ ਹੈ ਕਿ ਅਠਾਰਵੀਂ ਸਦੀ ਵਿਚ ਮਾਝ ਗੀਤ-ਰੂਪ ਲੋਕਾਂ ਵਿਚ ਆਮ ਪ੍ਰਚਲਤ ਸੀ ਤੇ ਇਸੇ ਲੋਕ-ਤਰਜ਼ ਦੇ ਅਧਾਰ ਤੇ ਕਵੀਆਂ ਨੇ ਮਾਝ ਲਿਖਣ ਦੀ ਪਿਰਤ ਪਾਈ।

ਦਰ ਅਸਲ ਤਾਂ ਮਾਝ ਦਾ ਸਾਹਿਤਕ ਰਚਨਾ ਵਿਚ ਪ੍ਰਵੇਸ਼ ਹੋਇਆ ਉਦੋਂ ਤੋਂ ਸਮਝਣਾ ਚਾਹੀਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ੧੭੦੭ ਈ: ਵਿਚ ਆਨੰਦ ਪੁਰ ਤਿਆਗ ਤੋਂ ਬਾਦ ਜੰਗਾਂ ਜੁਧਾਂ ਦੇ ਝੰਬੇਲਿਆਂ ਤੋਂ ਜ਼ਰਾ ਵਿਹਲੇ ਹੋ ਕੇ ਮਾਲਵੇ ਵਿਚ ਲੱਖੀ ਜੰਗਲ ਅੰਦਰ ਆਏ ਹਨ ਤਾਂ ਉਥੇ ਕਈ

ਮਹੀਨਿਆਂ ਦੇ ਵਿਛੜੇ ਸਿਖ ਆ ਕੇ ਮਿਲੇ ਤੇ ਬਿਹਾਰੀ, ਜਾਦੋਰਾਇ, ਆਡਾ, ਲਾਲ ਆਦਿ ਕਈ ਕਵੀ ਵੀ ਆਣ ਹਾਜ਼ਰ ਹੋਏ ਤੇ ਇਨ੍ਹਾਂ ਗੁਰੂ ਜੀ ਦੇ ਦਰਸ਼ਨ ਵੈਰਾਗ ਵਿਚ ਮਾਝਾਂ ਆ ਕੇ ਸੁਣਾਈਆਂ। ਖ਼ੁਦ ਗੁਰੂ ਸਾਹਿਬ ਵੀ ਇਤਨੇ ਮੁਤਾਸਰ ਹੋਏ ਕਿ ਉਨ੍ਹਾਂ ਵੀ ਇਕ ਮਾਝ ਲਿਖੀ, ਜੋ ਕਿ ਇਸ ਪਰਕਾਰ ਹੈ:-

ਸੁਣ ਕੈ ਸਦੁ ਮਾਹੀ ਦਾ ਮੇਹੀਂ, ਪਾਣੀ ਘਾਹੁ ਮੁਤੋਨੇ
ਕਿਸੈ ਨਾਲਿ ਨ ਰਲੀਆ ਕਾਈ, ਤਾਂਹੀ ਸ਼ੌਕ ਪਇਓ ਨੇ
ਗਇਆ ਫਿਰਾਕੁ ਮਿਲਿਆ ਮਿਤੁ ਮਾਹੀ, ਤਾਂਹੀ ਸ਼ੁਕਰ ਕੀਤੋਨੇ।

ਇਹ ਮਾਝ 'ਦਸਮ ਗ੍ਰੰਥ' ਵਿਚ ਦਰਜ ਹੈ ਤੇ ਇਸਦੇ ਮੁਢ ਵਿਚ ਹੀ ਇਹ ਨੋਟ ਲਿਖਿਆ ਹੋਇਆ ਹੈ-

'ਲਖੀ ਜੰਗਲ ਖਾਲਸਾ ਦੀਦਾਰ ਆਨਿ ਲਗਾ,ਤਬ ਉਚਾਰ ਹੋਇਆ।'

ਮਾਲਵਾ ਦੇਸ ਰਟਨ ਦੀ 'ਸਾਖੀ ਪੋਥੀ' ਵਿਚ ਲਿਖਿਆ ਹੈ ਕਿ ਇਹ ਸੱਦ ਗੁਰੂ ਸਾਹਿਬ ਨੇ ਦੱਖਣ ਜਾਣ ਦੀ ਤਿਆਰੀ ਸਮੇਂ ਦਸ ਦਿਨ ਅਗੋਂ ਉਚਾਰੀ ਸੀ। ਹੋ ਸਕਦਾ ਹੈ ਕਿ ਦਮਦਮੇਂ ਸਾਹਿਬ ਵੀ ਇਹ ਸੱਦ ਦੁਹਰਾ ਈ ਗਈ ਹੋਵੇ ਪਰ ਇਸ ਸੱਦ ਜਾਂ ਮਾਝ ਦੇ ਨਾਲ ਦਿਤਾ ਉਪਰੋਕਤ ਨੋਟ ਵਧੇਰੇ ਪ੍ਰਮਾਣੀਕ ਹੈ।

ਲੱਖੀ ਜੰਗਲ ਦੇ ਇਸ ਕਵੀ ਦਰਬਾਰ ਨੇ ਮਾਨੋਂ ਮਾਝ ਕਾਵਿ-ਰੂਪ ਦੇ ਭਾਗ ਖੋਲ੍ਹ ਦਿਤੇ ਅਤੇ ਇਸਤੋਂ ਬਾਅਦ ਅਨੇਕਾਂ ਕਵੀਆਂ ਨੇ ਇਸ ਕਾਵਿ ਰੂਪ ਨੂੰ ਵਧੇਰੇ ਅਪਣਾਇਆ ਤੇ ਅਠ੍ਹਾਰਵੀਂ ਉਨੀਵੀਂ, ਸਦੀ ਵਿਚ ਇਸ ਦਾ ਕਾਫ਼ੀ ਬੋਲਬਾਲਾ ਰਿਹਾ।

ਭਾਵੇਂ ਇਨ੍ਹਾਂ ਦੋਹਾਂ ਸਦੀਆਂ ਵਿਚ ਵਾਰਾਂ, ਬਾਰਾਂਮਾਹੇ, ਤੇ ਸੀਹਰਫ਼ੀਆਂ ਵੀ ਬੇਅੰਤ ਲਿਖੀਆਂ ਗਈਆਂ ਹਨ ਪਰ ਮਾਝਾਂ ਲਿਖਣ ਦਾ ਸਿਹਰਾ ਉਨ੍ਹਾਂ ਕਵੀਆਂ ਨੂੰ ਮਿਲਿਆ ਹੈ ਜੋ ਉਚੇਰੀ, ਸੁਹਜਮਈ ਤੇ ਸੂਖਮ ਭਾਂਤ ਦੀ ਕਵਿਤਾ ਰਚਣ ਦਾ ਸ਼ੌਕ ਤੇ ਯੋਗਤਾ ਰਖਦੇ ਸਨ। ਤੁਲਨਾਤਮਕ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਬੈਂਤਾਂ ਅਤੇ ਕਿੱਸੇ ਬਿਆਨਣ ਵਾਲੀ ਕਵਿਤਾ ਨਾਲੋਂ ਮਾਝਾਂ ਦੀ ਕਵਿਤਾ ਬਿਲਕੁਲ ਅਲਾਹਿਦਾ ਕ਼ਿਸਮ ਦੀ ਹੈ। ਵਿਸ਼ੇ ਤੇ ਰੂਪ ਦੇ ਪੱਖ ਤੋਂ ਇਸਦਾ ਕਲਾਤਮਕ ਢੰਗ ਕੋਈ ਉਚੇਰੀ ਪਧਰ ਦਾ ਹੀ ਹੈ। ਨਾਲੇ ਜੋ ਇਹ ਖ਼ਿਆਲ ਪਾਇਆ ਜਾਂਦਾ ਹੈ ਕਿ ਅੱਡ ਅੱਡ ਵਿਸ਼ਿਆਂ ਤੇ ਛੋਟੀਆਂ ਛੋਟੀਆਂ ਕਵਿਤਾਵਾਂ ਰਚਣ ਦਾ ਰਿਵਾਜ ਨਵੀਨ ਸਾਹਿਤ ਦੀ ਦੇਣ ਹੈ, ਮਾਝਾਂ ਦੀ ਰਚਨਾ ਵੇਖ ਕੇ ਇਹ ਗੱਲ ਠੀਕ ਮਾਲੂਮ ਨਹੀਂ ਦਿੰਦੀ। ਇਹ ਠੀਕ ਹੈ ਕਿ ਆਧੁਨਿਕ ਸਾਹਿਤ ਵਿਚ ਇਹ ਸ਼ੈਲੀ ਵਧੇਰੇ ਵਿਕਸਤ ਹੋ ਗਈ ਹੈ ਪਰ ਇਹ ਵੀ ਨਹੀਂ ਆਖਿਆ ਜਾ ਸਕਦਾ ਕਿ ਇਹ ਪਹਿਲਾਂ ਸੀ ਹੀ ਨਹੀਂ। ਹਾਸ਼ਮ ਦੇ ਦੋਹੜੇ ਤੇ ਅਨੇਕਾਂ ਕਵੀਆਂ ਦੀਆਂ ਮਾਝਾਂ ਇਸ ਸਚਾਈ ਦੀ ਗਵਾਹੀ ਭਰਦੀਆਂ ਹਨ।

ਮਾਝਾਂ ਦੇ ਪਾਠ ਕਰਨ ਤੇ ਅਸੀਂ ਦੋ ਸਿਟੇ ਕੱਢਦੇ ਹਾਂ ਪਹਿਲੇ ਇਹ ਕਿ ਵਿਸ਼ੇ ਦੇ ਪੱਖ ਤੋਂ ਵਧੇਰੇ ਕਰਕੇ ਮਾਝਾਂ ਵਿਚ ਵਿਛੋੜੇ ਦਾ ਦਰਦ ਗਾਵਿਆ ਗਿਆ ਹੈ ਭਾਵੇਂ ਇਹ ਕਵਿਤਾ ਦਾ ਇਕ ਆਮ ਪਿਆਰਾ ਵਿਸ਼ਾ ਹੈ ਤੇ ਬਾਰਾਂਮਾਹ ਕਾਵਿ-ਰੂਪ ਵੀ ਇਸੇ ਆਸਰੇ ਜੀਊਂਦਾ ਹੈ। ਪਰ ਮਾਝ ਵਿਚ ਜਿਸ ਵਿਛੋੜੇ ਨੇ ਰੰਗ ਲਾਇਆ ਹੈ, ਉਹ ਇਸ਼ਕ ਹਕੀਕੀ ਜਾਂ ਅਧਿਆਤਮਕ ਪੱਧਰ ਦਾ ਹੀ ਹੈ, ਕੁਝ ਮਾਝਾਂ ਗੁਰੂ ਗੋਬਿੰਦ ਸਿੰਘ ਜੀ ਦੇ ਬਿਰਹਾ ਵਿਚ, ਕੁਝ ਕ੍ਰਿਸ਼ਨ ਜੀ ਦੇ ਬਿਰਹਾ ਵਿਚ ਅਤੇ ਕੁਝ ਕੁ ਮੁਰਸ਼ਦ ਦੇ ਵਿਯੋਗ ਦੁਆਲੇ ਘੁੰਮਦੀਆਂ ਹਨ। ਇਹੋ ਕਾਰਨ ਹੈ ਕਿ ਮਾਝਾਂ ਦਾ ਪ੍ਰੇਮ-ਵਰਨਣ ਬੜਾ ਉਚੀ ਕ਼ਿਸਮ ਦਾ, ਪਾਕ ਪਵਿਤਰ ਤੇ ਜਲਵਾ ਦਿਖਾਉਣ ਵਾਲਾ ਹੈ।

ਦੂਸਰੇ,ਰੂਪਕ ਪੱਖ ਤੋਂ ਮਾਝ ਦਾ ਛੰਦ-ਪ੍ਰਬੰਧ ਦਵਈਏ ਦਾ ਹੈ ੧੬, ੧੨ ਮਾਤ੍ਰਾਂ ਤੇ ਵਿਸਰਾਮ ਅਤੇ ਚਾਰ ਤੁਕਾਂ। ਹਾਸ਼ਮ ਦਾ ਵੀ ਇਹ ਬਹੁਤ ਪਿਆਰਾ ਛੰਦ ਰਿਹਾ ਹੈ ਤੇ ਅੱਜ ਵੀ ਰੁਬਾਈਆਂ ਦਾ ਪ੍ਰਯੋਗ ਇਸ ਚਾਲ ਦੀ ਅਮਰਤਾ,ਪ੍ਰਿਯਤਾ ਤੇ ਮਹੱਤਤਾ ਦੀ ਗਵਾਹੀ ਦਿੰਦਾ ਹੈ।

ਮਾਝਾਂ ਲਿਖਣ ਵਾਲੇ

ਸਿਖਾਂ ਦੀਆਂ ਜਿਨ੍ਹਾਂ ਦੋ ਸੰਪਰਦਾਵਾਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ, ਉਹ ਉਦਾਸੀ ਤੇ ਨਿਰਮਲੇ ਹਨ। ਨਿਰਮਲਿਆਂ ਨੂੰ ਚੂੰਕਿ ਗੁੜ੍ਹਤੀ ਬਨਾਰਸ ਤੋਂ ਮਿਲੀ ਸੀ, ਇਸ ਲਈ ਇਹ ਵਧੇਰੇ ਹਿੰਦੀ, ਸੰਸਕ੍ਰਿਤ ਦੀ ਰਚਨਾ ਕਰਦੇ ਰਹੇ। ਉਦਾਸੀ ਸਾਧੂਆਂ ਵਿਚੋਂ ਵੀ ਭਾਵੇਂ ਹਿੰਦੀ ਲਿਖਣ ਵਾਲੇ ਕਈ ਹੋਏ ਹਨ ਪਰ ਇਨ੍ਹਾਂ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਵੀ ਵਿਸਾਰਿਆ ਨਹੀਂ। ਖ਼ਾਸ ਕਰਕੇ ਉਦਾਸੀਆਂ ਦੀ ਸ਼ਾਖ ਵਿਚੋਂ ਦੋ ਹੋਰ ਪੰਥ ਚਲੇ-ਦੀਵਾਨੇ ਸਾਧੂ ਤੇ ਸੇਵਾਪੰਥੀ, ਇਨ੍ਹਾਂ ਦੋਹਾਂ ਪੰਥਾਂ ਦੇ ਸਾਧੂ ਸੰਤਾਂ ਪੰਜਾਬੀ ਸਾਹਿਤ ਦੀ ਬਹੁਤ ਸੇਵਾ ਕੀਤੀ ਹੈ। ਦੀਵਾਨੇ ਸਾਧੂਆਂ ਦਾ ਹਲਕਾ ਸੀ ਮਾਲਵੇ ਦਾ ਇਲਾਕਾ ਤੇ ਸੇਵਾਪੰਥੀਆਂ ਦਾ ਖੇਤਰ ਸੀ ਲਹਿੰਦੇ ਦਾ ਇਲਾਕਾ। ਦੀਵਾਨਿਆਂ ਨੂੰ ਸਿਖਾਂ ਦੇ ਸੂਫੀ ਮਲੰਗ ਤੇ ਸੇਵਾਪੰਥੀਆਂ ਨੂੰ ਸਿਖਾਂ ਦੇ ਬੋਧੀ ਮਹਾਤਮਾ ਕਿਹਾ ਜਾ ਸਕਦਾ ਹੈ। ਦੀਵਾਨੇ ਫਿਰਕੇ ਦਾ ਮੋਢੀ ਭੂੰਦੜ ਦਾਸ ਸੀ, ਜੋ ਕਿ ਗੁਰੂ ਹਰਿਰਾਇ ਸਾਹਿਬ ਦਾ ਸਿੱਖ ਸੀ। ਇਹ ਮਸਤਾਨੇ ਰੰਗ ਵਿਚ ਰਹਿੰਦਾ ਸੀ ਤੇ ਇਸੇ ਕਰਕੇ ਇਸਨੂੰ 'ਦੀਵਾਨਾ' ਕਹਿਕੇ ਬੁਲਾਇਆ ਜਾਂਦਾ ਸੀ, ਇਸ ਦਾ ਚੇਲਾ ਸੀ ਭਾਈ ਬਾਲਾ ਤੇ ਬਾਲੇ ਦਾ ਚੇਲਾ ਸੀ ਹਰੀਆ ਜਾਂ ਹਰੀਦਾਸ*। ਇਹ ਦੋਵੇਂ ਮਾਲਵੇ ਦੇ ਵਸਨੀਕ ਜੱਟ ਸਨ। (ਮਹਾਨ ਕੋਸ਼, ਪੰਨਾ ੧੯੦੩) ਭਾਈ ਬਾਲੇ ਨੇ ਗੁਰੂ ਨਾਨਕ ਦੀ ਜਨਮਸਾਖੀ ਲਿਖਵਾਈ, ਜਿਸ ਵਿਚ ਆਪਣਾ ਨਾਂ ਪਾਇਆ ਤੇ ਸਿਧ ਕੀਤਾ ਕਿ ਉਹ ਵੀ ਗੁਰੂ

---

* ਨਾਨਕ ਪੰਥੀ ਹਰੀਆ ਕਹੀਐ, ਬਾਲੇ ਕੀ ਦਸਤਾਰੇ
ਹਮਰੇ ਪਾਪਨ ਕਾ ਫਨੁ ਨਾਹੀਂ ਕੋਈ, ਹਰੀਆ ਸਰਣ ਮੁਰਾਰੇ।

ਸਾਹਿਬ ਦਾ ਸਾਥੀ ਰਿਹਾ ਸੀ। ਇਹ ਸਭ ਕੁਝ ਇਸ ਲਈ ਕਿ ਸ਼ਰਧਾਲੂ ਲੋਕਾਂ ਵਿਚ ਵਧੇਰੇ ਪ੍ਰਭਾਵ ਬੈਠ ਸਕੇ। ਲੁਧਿਆਣੇ ਇਸੇ ਦੀ ਯਾਦ ਵਿਚ ਭਾਈ ਬਾਲੇ ਦਾ ਮੇਲਾ ਲਗਦਾ ਹੈ। ਹਰੀਆ ਅੱਛਾ ਲਿਖਾਰੀ ਤੇ ਕਵੀ ਸੀ, ਜਿਸ ਸਮੇਂ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਸ਼ੁਰੂ ਕਰਾਈ ਤਾਂ ਜੋ ਲਿਖਾਰੀ ਇਸ ਕੰਮ ਲਈ ਲਾਏ, ਉਨ੍ਹਾਂ ਵਿਚੋਂ ਇਕ ਹਰੀਆ ਵੀ ਸੀ। ਭਾਈ ਕੇਸਰ ਸਿੰਘ ਛਿੱਬਰ ਨੇ ਆਪਣੇ 'ਬੰਸਾਵਲੀਨਾਮੇ' ਵਿਚ ਲਿਖਿਆ ਹੈ—

ਸਾਹਿਬ ਲਗੇ ਉਚਾਰਨ, ਰਸਨਾ ਤੇ ਸ਼ਬਦ ਬਾਣੀ
ਚਾਰ ਲਿਖਾਰੀ ਤੀਰ ਅਪਨੇ ਠਹਿਰਾਏ
ਲਿਖਦੇ ਜਾਣ, ਸਾਹਿਬ ਜੋ ਕੁਛ ਰਸਨੀਂ ਅਲਾਏ
ਭਾਈ ਸੰਤਰਾਮ ਤੇ ਹਰੀਆ, ਸੁਖਾ ਮਨਸਾ ਰਾਮ
ਲਿਖਦੇ ਜਾਣ ਸਾਹਿਬ ਜੋ ਕਰਨ ਬਖਾਨ।੩੧।

ਮਾਲੂਮ ਹੁੰਦਾ ਹੈ, ਜਦੋਂ ਮੀਣਿਆਂ ਦਾ ਜ਼ਰਾ ਜ਼ੋਰ ਪਿਆ ਤਾਂ ਪ੍ਰਿਥੀਚੰਦ ਦੇ ਪੁਤਰ ਬਾਬਾ ਮੇਹਰਵਾਨ ਜੀ ਨੇ ਹਰੀਏ ਨੂੰ ਪਰੇਰ ਕੇ ਆਪਣੇ ਵਲ ਕਰ ਲਿਆ। ਖਾਸ ਗੱਲ ਇਹ ਸੀ ਕਿ ਮੀਣਿਆਂ ਨੂੰ ਆਪਣੀ ਗੁਰਗੱਦੀ ਚਲਾਉਣ ਲਈ ਕਿਸੇ ਧਾਰਮਿਕ ਗ੍ਰੰਥ ਦੀ ਲੋੜ ਸੀ ਇਧਰ ਸਿਖ ਸੰਗਤਾਂ ਤਾਂ ਆਤਮਕ ਕਲਿਆਣ ਲਈ ਗੁਰੂ ਅਰਜਨ ਵਲੋਂ ਤਿਆਰ ਕਰਾਏ ਆਦਿ ਗ੍ਰੰਥ ਦਾ ਆਸਰਾ ਲੈਂਦੀਆਂ ਸਨ ਪਰ ਪ੍ਰਿਥੀਚੰਦ ਤੇ ਮਿਹਰਬਾਨ ਦੇ ਪੈਰੋਕਾਰ ਇਸ ਨੂੰ ਮੰਨਣ ਲਈ ਤਿਆਰ ਨਹੀਂ ਸਨ, ਇਸ ਲਈ ਉਨ੍ਹਾਂ ਨਵਾਂ ਗ੍ਰੰਥ ਰਚਣ ਦੀ ਵਿਧ ਸੋਚੀ ਅਤੇ ਇਸ ਕੰਮ ਨੂੰ ਨਕਲੀ ਬਾਣੀ ਰਚਕੇ ਹਰੀਆ ਜਾਂ ਬਾਵਾ ਹਰੀਦਾਸ ਨੇ ਪੂਰਾ ਕੀਤਾ। ਹਰੀਏ ਦੇ ਲਿਖੇ ਇਸ ਮਹਾਨ ਗ੍ਰੰਥ ਦੀ ੧੭੩੫ ਈਸਵੀ ਦੀ ਇਕ ਨਕਲ ਪ੍ਰੋ. ਪ੍ਰੀਤਮ ਸਿੰਘ ਹੁਰਾਂ ਪਾਸ ਹੈ ਜਿਸ ਵਿਚ ਨਕਲੀ ਜਪੁਜੀ, ਆਸਾ ਦੀ ਵਾਰ

ਸੁਖਮਨੀ, ਬਾਰਾਂਮਾਹ, ਡਖਣੇ ਤੇ ਹੋਰ ਬਹੁਤ ਸਾਰੀਆਂ ਬਾਣੀਆਂ ਸ਼ਾਮਲ ਹਨ। ਇਹ ਉਨ੍ਹਾਂ ਅੱਛਾ ਕੀਤਾ ਜਾਂ ਮਾੜਾ, ਅਸੀਂ ਇਥੇ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ। ਇਕ ਗੱਲ ਸਪਸ਼ਟ ਹੈ ਕਿ ਬਾਵਾ ਹਰੀਆ ਇਕ ਅੱਛਾ ਕਵੀ ਸੀ ਤੇ ਇਹ ਗ੍ਰੰਥ ਉਸ ਦੀ ਕਲਮ ਦੇ ਕਮਾਲ ਦਾ ਪਰਗਟਾਵਾ ਕਰਦਾ ਹੈ ਤੇ ਇਹ ਵੀ ਮੰਨਣਾ ਪੈਂਦਾ ਹੈ ਕਿ ਉਸ ਨੇ ਸਾਡੇ ਸਾਹਿਤ ਦੀ ਬੜੀ ਤਕੜੀ ਸੇਵਾ ਕੀਤੀ ਹੈ।*

ਮਾਲਵੇ ਵਲ ਪ੍ਰਿਥੀਚੰਦ ਦੇ ਅਨੁਸਾਰੀ ਮੀਣਿਆਂ ਦਾ ਕੁਝ ਜ਼ੋਰ ਸੀ ਇਸੇ ਕਰਕੇ ਹਰੀਦਾਸ ਦੀ ਇਧਰ ਕਾਫੀ ਮਾਨਤਾ ਹੋਈ ਤੇ ਫਿਰ ਇਹੋ ਦੀਵਾਨ ਸਾਧੂਆਂ ਦਾ ਮੋਢੀ ਬਣਿਆ। ਇਨ੍ਹਾਂ ਦੀ ਗੱਦੀ ਕੋਟ ਪੀਰ

---

* ਹਰੀਏ ਦੇ ਗ੍ਰੰਥ ਵਿਚ ਭਾਵੇਂ 'ਮਾਝ' ਸਿਰਲੇਖ ਨਾਲ ਕੋਈ ਚੀਜ਼ ਨਹੀਂ ਮਿਲਦੀ ਪਰ ਇਜੇਹੇ ਬਹਿਰ ਵਿਚ ਕਾਫੀ ਛੰਦ ਮਿਲਦੇ ਹਨ, ਪੰਜ-ਤ੍ਰਕੇ। ਇਨ੍ਹਾਂ ਉਤੇ 'ਰਾਗੁ ਮਾਝਿ ਹੀਰ ਕੇ ਸਲੋਕ' ਲਿਖਿਆ ਗਿਆ ਹੈ। ਵੰਨਗੀ ਲਈ ਦੋ ਛੰਦ ਪੇਸ਼ ਹਨ :—

ਸਿਸੁ ਮੁਨਾਇ ਘਤਾਂ ਗਲਿ ਮਾਲਾ, ਅਠ ਸਠਿ ਤੀਰਥ ਨਾਵਾਂ
ਪੰਡਤ ਸਦਿ ਕਢਾਈ ਵੇਦਾਂ, ਅਠੇ ਪਹਿਰ ਵਚਾਵਾਂ
ਵਿਚਿ ਮਸੀਤੀਂ ਘੱਤਾਂ ਡੇਰਾ, ਸ਼ਰਾ ਸ਼ਰੀਯਤ ਸੋ ਧਾਵਾਂ
ਨੀਲਾ ਤਹਿਮਦੁ ਤੇੜਿ ਵਲਾਈ, ਹੱਜ ਮੱਕੇ ਕੂੰ ਜਾਵਾਂ
ਹਰੀਆ ਸੀਂਗਾਰ ਸਭੇ ਹੀ ਫੀਕੇ, ਜੇ ਮਾਹੀ ਇਕਸੁ ਨ ਭਾਵਾਂ ।੧੨।
ਪੀਤੀ ਭੰਗ ਜਿਵੇਂ ਦੀਵਾਨੀ, ਧੀਅ ਚੂਚਕਾ ! ਤੇਰੀ
ਲਾਇ ਵਿਭੂਤ ਫ਼ਿਰਾਂ ਵਿਚਿ ਗਲੀਆਂ, ਜੋਗੀ ਵਾਙੂ ਫੇਰੀ
ਨਉਂ ਮੈ ਸੀਂਗਾਰ ਹੋਨਿ ਉਦਾਲੈ, ਤਾੜੀ ਮਾਰਿ ਉਡਾਇਨਿ ਕੇਰੀ
ਕੋਈ ਸਾਕੁ ਨ ਦੇਵੈ ਆਦਰ, ਸਭ ਕੋ ਕਹੈ ਪਰੇਰੀ
ਹਰੀਆ ਮੈਂ ਜੇਵਡ ਨਾਹੀ ਪਟਰਾਣੀ, ਜੇ ਰਾਂਝਾ ਆਖੇ 'ਮੇਰੀ' ।੧੩।

ਜ਼ਿਲਾ ਬਠਿੰਡਾ ਵਿਚ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸੇ ਰੱਦੀ ਦਾ ਮਹੰਤ ਬਿਹਾਰੀ ਸੀ,ਜਿਸ ਮਾਝਾਂ ਲਿਖਕੇ ਸਾਹਿਤ ਦੀ ਚੋਖੀ ਸੇਵਾ ਕੀਤੀ।

ਇਸੇ ਤਰ੍ਹਾਂ ਸੇਵਾਪੰਥੀ ਸਾਧੂਆਂ ਦਾ ਜ਼ੋਰ ਪੱਛਮੀ ਪੰਜਾਬ ਵੱਲ ਵਧਦੇ ਰਿਹਾ ਹੈ, ਭਾਈ ਕਨ੍ਹਈਆ ਜੀ ਦੇ ਸਰਧਾਲੂ ਭਾਈ ਸੇਵਾਰਾਮ ਜੀ ਹੋਏ ਤੇ ਭਾਈ ਸੇਵਾਰਾਮ ਦੇ ਸ਼ਿਸ ਭਾਈ ਅੱਡਣ ਜੀ। ਭਾਈ ਅਡਣ ਜੀ ਜ਼ਿਆਦਾ ਸ਼ਾਹਦਰੇ ਟਿਕਦੇ ਸਨ ਤੇ ਇਨ੍ਹਾਂ ਪਾਸ ਕਾਫੀ ਸਾਧੂ ਰਿਹਾ ਕਰਦੇ ਸਨ, ਜੋ ਲਿਖਣ ਪੜ੍ਹਣ ਦਾ ਕੰਮ ਕਰਦੇ ਹਨ। ਉਸ ਸਮੇਂ ਪ੍ਰੈਸ ਦੀ ਅਣ-ਹੋਂਦ ਕਾਰਣ ਚੂੰਕਿ ਕਿਤਾਬਾਂ ਜ਼ਿਆਦਾਤਰ ਹੱਥ ਨਾਲ ਹੀ ਲਿਖੀਆਂ ਜਾਂਦੀਆਂ ਸਨ, ਇਸ ਲਈ ਵਧੀਆ ਸਿਆਹੀ ਇਕ ਬੜੀ ਲੁੜੀਂਦੀ ਚੀਜ਼ ਸੀ ਤੇ ਇਸ ਸਮੇਂ 'ਅੱਡਣ ਸ਼ਾਹੀ ਸਿਆਹੀ', ਕਾਫੀ ਮਸ਼ਹੂਰ ਸੀ।

ਅੱਡਣ ਸ਼ਾਹ ਜੀ (੧੭੫੭ ਈ: ਦੇਹਾਂਤ) ਦੀ ਸਰਪ੍ਰਸਤੀ ਹੇਠ ਹੀ ਸੰਸਕ੍ਰਿਤ ਦੀਆਂ 'ਯੋਗ ਵਸ਼ਿਸਟ' ਵਰਗੀਆਂ ਪੁਸਤਕਾਂ ਤੇ ਫਾਰਸੀ ਦੀਆਂ 'ਕੀਮੀਅਏ ਸਾਅਦਤ,' ਜੇਹੀਆਂ ਅਮੋਲਕ ਕਿਤਾਬਾਂ (ਜਿਸ ਨੂੰ ਪਾਰਸ ਭਾਗ ਨਾਂ ਹੇਠ ਤਰਜਮਾਇਆ ਗਿਆ ਹੈ) ਦੇ ਅਨੁਵਾਦ ਹੋਏ। ਪਰਚੀਆਂ ਭਾ: ਕਨ੍ਹਈਆ, ਪਰਚੀਆਂ ਭਾਈ ਸੇਵਾਰਾਮ, ਆਦਿ ਤਿਆਰ ਹੋਈਆਂ। ਬਾਦ ਵਿਚ ਭਾਈ ਸਹਿਜ ਰਾਮ ਨੇ ਪੋਥੀ ਆਸਾਵਰੀਆਂ, ਪਰਚੀਆਂ ਅੱਡਣ ਜੀ ਕੀਆਂ ਤਿਆਰ ਕਰਵਾਈਆਂ। ਇਸੇ ਤਰ੍ਹਾਂ 'ਸੰਤ ਰਤਨ ਮਾਲ' ਵਿਚ ਸੇਵਾ ਪੰਥੀ ਸਾਧੂਆਂ ਦੀਆਂ ਜੀਵਨੀਆਂ ਤੇ ਪਵਿਤਰ ਕਾਰਨਾਮੇ ਦਰਜ ਮਿਲਦੇ ਹਨ। ਇਹ ਸਭ ਰਚਨਾਵਾਂ ਪੰਜਾਬੀ ਵਾਰਤਕ ਵਿਚ ਬੜਾ ਉਚਾ ਥਾਂ ਰੱਖਣ ਵਾਲੀਆਂ ਹਨ। ਇਸੇ ਸੰਪ੍ਰਦਾ ਵਿਚੋਂ ਕਈ ਸਾਧੂ ਕਵੀ ਵੀ ਬੜੇ ਅਛੇ ਹੋਏ ਹਨ, ਜਿਨ੍ਹਾਂ ਮਾਝਾਂ ਜਾਂ ਆਸਾਵਰੀਆਂ ਲਿਖ ਕੇ ਆਪਣੇ ਦਿਲੀ ਭਾਵਾਂ ਨੂੰ ਪਰਗਟਾਇਆ ਹੈ। ਸੋ ਅਸਾਂ ਇਹ ਵੇਖ ਲਿਆ ਹੈ

ਕਿ ਇਸ ਮਾਝ ਸਾਹਿੱਤ ਦਾ ਭੰਡਾਰਾ ਭਰਪੂਰ ਕਰਨ ਵਿਚ ਇਨ੍ਹਾਂ ਦੀਵਾਨੇ ਸਾਧੂਆਂ ਅਤੇ ਸੇਵਾਪੰਥੀ ਸੰਤਾਂ ਭਗਤਾਂ ਨੇ ਬਹੁਤ ਹਿਸਾ ਪਾਇਆ ਹੈ। ਜੇ ਇਹ ਕਹਿ ਦਈਏ ਕਿ ਮਾਝਾਂ ਦੀ ਪਨੀਰੀ ਮਾਲਵੇ ਵਿਚ ਉਗੀ ਤੇ ਲਹਿੰਦੇ ਵਿਚ ਜਾ ਕੇ ਇਸ ਨੇ ਕਈ ਬਾਗ ਬਗੀਚਿਆਂ ਨੂੰ ਜਨਮ ਦਿਤਾ ਤਾਂ ਇਹ ਗਲਤ ਨਹੀਂ ਹੋਵੇਗਾ। ਪਰ ਇਕ ਗੱਲ ਜ਼ਰੂਰ ਹੋਈ ਕਿ ਲਹਿੰਦੇ ਵਿਚ ਜਾ ਕੇ ਮਾਝ ਦਾ ਨਾਮ ਬਦਲ ਗਿਆ ਤੇ ਇਸ ਨੂੰ ਆਸਾਵਰੀ ਨਾਂ ਨਾਲ ਪੁਕਾਰਿਆ ਜਾਣ ਲਗਾ। ਹੋ ਸਕਦਾ ਹੈ ਇਸ ਛੰਦ ਨੂੰ ਉਧਰ ਆਸਾਵਰੀ ਰਾਗ ਦੀਆਂ ਸੁਰਾਂ ਵਿਚ ਗਾਇਆ ਜਾਂਦਾ ਰਿਹਾ ਹੋਵੇ ਤੇ ਤਾਂ ਇਹ ਨਾਂ ਪ੍ਰਚਲਤ ਹੋਇਆ ਹੋਵੇ। ਵੈਸੇ ਆਸਾਵਰੀ ਰਾਗਣੀ ਸ੍ਰੀ ਰਾਗ ਦੇ ਘਰ ਵਾਲੀ ਮੰਨੀ ਗਈ ਹੈ ਤੇ ਮਲਾਰ,ਪਰਜ ਤੇ ਬਸੰਤ ਮਿਲ ਕੇ ਬਣਦੀ ਹੈ ਅਤੇ ਇਸਦਾ ਠਾਠ ਮਾਝ ਰਾਗ ਦੇ ਠਾਠ ਤੋਂ ਵਖਰਾ ਹੈ। ਸੇਵਾ ਪੰਥੀ ਸਾਧੂਆਂ ਵਿਚ 'ਆਸਾਵਰੀਆਂ,'ਨਾਮ ਦੀ ਸਾਖੀਆਂ ਦੀ ਪੋਥੀ ਬੜੀ ਮਸ਼ਹੂਰ ਹੈ, ਜੋ ਬਹੁਤ ਪੜ੍ਹੀ ਗਈ ਹੈ। ਦਸਿਆ ਜਾਂਦਾ ਹੈ ਇਸਨੂੰ ਭਾਈ ਸਹਿਜ ਰਾਮ ਜੀ ਨੇ (ਦੇਹਾਂਤ ੧੭੬੮ ਈ:) ਸੰਕਲਿਤ ਕੀਤਾ ਸੀ, ਇਸ ਵਿਚ ਸਾਖੀਆਂ ਤੇ ਪ੍ਰਸੰਗ ਬਿਆਨ ਕਰਦਿਆਂ ਅਨੇਕ ਥਾਈਂ ਕਈ ਕਵੀਆਂ ਦੀਆਂ ਮਾਝਾਂ ਪ੍ਰਮਾਣ ਦਰਜ ਦਿਤੀਆਂ ਗਈਆਂ ਹਨ। ਇਸ ਤੋਂ ਸਪਸ਼ਟ ਹੈ ਕਿ ਇਹ ਮਾਝਾਂ ਜਾਂ ਆਸਾਵਰੀਆਂ ਸੰਤਾਂ ਸਾਧਾਂ ਵਿਚ ਕਿਸੇ ਸਮੇਂ ਕਾਫੀ ਮਸ਼ਹੂਰ ਰਹੀਆਂ ਹਨ।

ਇਨ੍ਹਾਂ ਰਚਨਾਵਾਂ ਨੂੰ ਪੜ੍ਹ ਕੇ ਇਉਂ ਲਗਦਾ ਹੈ ਕਿ ਇਹ ਕਵੀ ਬੜੀ ਉਤਮ ਕਲਾ ਦੇ ਮਾਲਕ ਸਨ ਪਰ ਅਜ ਇਨ੍ਹਾਂ ਦੇ ਪੂਰਣ ਕਾਵਿ-ਸੰਗ੍ਰਹਿ ਸਾਨੂੰ ਪ੍ਰਾਪਤ ਨਹੀਂ। ਇਹੋ ਹਾਲ ਕਈ ਹੋਰ ਕਵੀਆਂ ਦਾ ਹੈ ਨਾ ਤਾਂ ਅਸੀਂ ਉਨ੍ਹਾਂ ਦੀਆਂ ਜੀਵਨੀਆਂ ਤੋਂ ਵਾਕਿਫ ਹਾਂ ਤੇ ਨਾ ਹੀ ਉਨ੍ਹਾਂ ਦੀ ਪੂਰੀ ਰਚਨਾਵਲੀ ਹੀ ਸਾਡੇ ਤਕ ਪਹੁੰਚੀ ਹੈ ਪਰ ਖੋਜ ਲਈ ਕੋਈ ਗੱਲ ਅਸੰਭਵ ਨਹੀਂ, ਸਮਾ ਆਵੇਗਾ ਕਿ ਹੌਲੀ ਹੌਲੀ ਸਭ ਕੁਝ ਮਿਲਦਾ ਜਾਵੇਗਾ।

ਅਸੀਂ ਜਿਨ੍ਹਾਂ ਬਵੰਜਾ ਕਵੀਆਂ ਦੀਆਂ ਮਾਝਾਂ ਅਗੇ ਦਿਤੀਆਂ ਹਨ, ਉਨ੍ਹਾਂ ਵਿਚੋਂ ਜਿਨ੍ਹਾਂ ਬਾਰੇ ਥੋੜੀ ਬਹੁਤ ਵਾਕਫ਼ੀ ਮਿਲ ਸਕੀ ਹੈ, ਉਹ ਪਾਠਕਾਂ ਅਗੇ ਰੱਖਣ ਦੀ ਆਗਿਆ ਚਾਹੁੰਦੇ ਹਾਂ।

(੧) ਗੁਰੂ ਗੋਬਿੰਦ ਸਿੰਘ (੧੬੬੬–੧੭੦੮ ਈ:) ਸਿਖਾਂ ਦੇ ਦਸਵੇਂ ਗੁਰੂ ਹੋਏ ਹਨ, ਜਿਨ੍ਹਾਂ ਦੀ ਸਾਰੀ ਰਚਨਾ ਦਸਮ ਗ੍ਰੰਥ ਨਾਂ ਹੇਠ ਸੰਕਲਿਤ ਹੋਈ ਮਿਲਦੀ ਹੈ। ਇਨ੍ਹਾਂ ਹਿੰਦੀ,ਫ਼ਾਰਸੀ ਰਚਨਾਵਾਂ ਤੋਂ ਇਲਾਵਾ ਪੰਜਾਬੀ ਵਿਚ ਇਕ ਵਾਰ ਲਿਖੀ ਹੈ, ਵਾਰ ਭਗਉਤੀ ਜੀ ਕੀ ਤੇ ਕੁਝ ਫੁਟਕਲ ਪੰਜਾਬੀ ਛੰਤ ਵੀ ਰਚੇ ਹਨ, ਇਨ੍ਹਾਂ ਵਿਚ ਇਕ ਮਾਝ ਵੀ ਹੈ, ਜੋ ਲੱਖੀ ਜੰਗਲ ਵਿਚ ਉਚਾਰੀ ਗਈ ਸੀ।

(੨) ਬਿਹਾਰੀ—ਦੀਵਾਨਿਆਂ ਦੀ ਜਿਸ ਗੱਦੀ ਉਤੇ ਹਰੀਦਾਸ ਵਰਗੇ ਚਤੁਰ ਕਵੀ ਹੋਏ, ਉਸੇ ਗੱਦੀ ਦੇ ਮਹੰਤ ਕਵੀ ਬਿਹਾਰੀ ਸਨ। ਇਹ ਜੰਮਪਲ ਤਾਂ ਭਾਗੀ ਬਾਂਦਰ ਦੇ ਸੀ ਪਰ ਮਹੰਤ ਸੀ ਕੋਟ ਪੀਰ ਦੀ ਗੱਦੀ ਦੇ। ਜਦੋਂ ਲੱਖੀ ਜੰਗਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਹੋਈ ਤਾਂ ਇਨ੍ਹਾਂ ਦੇ ਜੀਵਨ ਵਿਚ ਅਨੋਖਾ ਪਲਟਾ ਆਇਆ। ਗੁਰੂ ਜੀ ਦੀ ਸ਼ਖ਼ਸੀਅਤ ਦਾ ਇਤਨਾ ਪ੍ਰਭਾਵ ਪਿਆ ਕਿ ਇਨ੍ਹਾਂ ਨੇ ਜੋ ਮਾਝਾਂ ਲਿਖੀਆਂ, ਉਹ ਗੁਰੂ ਦੇ ਇਸ਼ਕ ਵਿਚ ਰੰਗੀਆਂ ਹੋਈਆਂ ਹਨ।

(੩) ਆਡਾ–ਇਹ ਵੀ ਲੱਖੀ ਜੰਗਲ ਵਾਲੇ ਕਵੀ ਦਰਬਾਰ ਵਿਚ ਸ਼ਾਮਲ ਸੀ। ਆਡਾ ਤੇ ਆਡਤ ਦੋ ਕਵੀ ਹੋਏ ਹਨ ਜਾਂ ਇਕ, ਇਹ ਨਿਰਣਾ ਕਰਨਾ ਔਖਾ ਹੈ। ਕਵੀ ਆਡਤ ਦੀਆਂ 'ਮਾਝਾਂ ਸੱਸੀ ਕੀਆਂ' ਵੀ ਮਿਲਦੀਆਂ ਹਨ, ਸੰਭਵ ਹੈ, ਇਹ ਇਕੋ ਨਾਂ ਦੇ ਦੋ ਰੂਪ ਹੋਣ।

(੪) ਜਾਦੋਰਾਇ–ਇਹ ਬਾਲੂ ਹਸਣੇ ਉਦਾਸੀ ਦਾ ਚੇਲਾ ਸੀ ਤੇ ਲੱਖੀ ਜੰਗਲ ਦੇ ਕਵੀ ਸਮਾਰੋਹ ਵਿਚ ਸ਼ਾਮਿਲ ਸੀ। ਆਡਾ, ਲਾਲ ਦਾਸ

ਤੇ ਜਾਦੋਰਾਇ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਦੱਖਣ ਗਏ ਸਨ।

(੫) ਨਨੂਆ—ਦਸਮੇਸ਼ ਦੇ ਬਵੰਜਾ ਦਰਬਾਰੀ ਕਵੀਆਂ ਵਿਚ ਨਨੂਆ ਜੀ ਦਾ ਨਾਂ ਵੀ ਮਿਲਦਾ ਹੈ। ਇਹ ਵਜ਼ੀਰਾਬਾਦ ਦੇ ਰਹਿਣ ਵਾਲੇ, ਚੰਗੇ ਰੱਜੇ ਪੁਜੇ ਘਰ ਦੇ ਸਨ ਤੇ ਕੁਝ ਸਮਾ ਗਦਾ ਨਾਰਾਇਣੀ ਫਕੀਰ ਪਾਸ ਲਾਹੌਰ ਵੀ ਰਹੇ ਸਨ ਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੁਹ ਪ੍ਰਾਪਤ ਕਰਨ ਦਾ ਦਾ ਵੀ ਇਨ੍ਹਾਂ ਨੂੰ ਮਾਣ ਮਿਲਿਆ ਸੀ। ਇਨ੍ਹਾਂ ਕੁਝ ਬਿਸ਼ਨਪਦੇ ਤੇ ਕੁਝ ਮਾਝਾਂ ਲਿਖੀਆਂ ਹਨ। ਅਸਾਂ ਇਨ੍ਹਾਂ ਦੀ ਪੰਨਾ ੩੩ ਤੇ ਇਕ ਮਾਝ ਦਿਤੀ ਹੈ, ਬਾਦ ਵਿਚ ਛੇ ਮਾਝਾਂ ਹੋਰ ਮਿਲੀਆਂ, ਉਹ ਅੰਤ ਵਿਚ ਫੁਟਕਲ ਮਾਝਾਂ ਦੇ ਨਾਲ ਦੇ ਦਿਤੀਆਂ ਗਈਆਂ ਹਨ।

(੬) ਮਨੀਰਾਮ—ਭਾਈ ਮਨੀ ਸਿੰਘ ਜੀ ਦਾ ਪਹਿਲਾਂ ਨਾਂ ਮਨੀਆ ਜਾਂ ਮਨੀਰਾਮ ਸੀ। ਹੋ ਸਕਦਾ ਹੈ, ਇਹ ਉਨ੍ਹਾਂ ਦੀਆਂ ਹੀ ਮਾਝਾਂ ਹੋਣ।

(੭) ਭਗਤੂ—ਇਹ ਦਸਮੇਸ਼ ਜੀ ਦੇ ਸਮਕਾਲੀ ਲਗਦੇ ਸਨ।

(੮) ਫੱਤਮੱਲ—ਇਹ ਵੀ ਦਸਮੇਸ਼ ਜੀ ਦੇ ਸਮਕਾਲੀ ਜਾਪਦੇ ਹਨ।

(੯) ਲਾਲ ਦਾਸ—ਭਾਈ ਲਾਲ ਦਾਸ ਉਦਾਸੀ ਸਾਧੂ ਸਨ, ਇਹ ਵੀ ਲੱਖੀ ਜੰਗਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਪਾਸ ਹਾਜ਼ਰ ਹੋਏ ਸਨ। ਇਨ੍ਹਾਂ ਆਪਣੇ ਨਾਂ ਨਾਲ 'ਲਾਲ ਖਿਆਲਿ' ਜਾਂ ਲਾਲ ਖਿਆਲੀ ਪਦ ਵਰਤਿਆ ਹੈ,ਹੋ ਸਕਦਾ ਹੈ, ਇਹ ਪਿੰਡ ਖਿਆਲੀ ਜ਼ਿਲਾ ਲੁਧਿਆਣਾ ਦੇ ਜੰਮਪਲ ਹੋਣ। ਇਹ ਵੀ ਗੁਰੂ ਸਾਹਿਬ ਨਾਲ ਦੱਖਣ ਗਏ ਸਨ।

(੧੦) ਕੇਸੋ ਨਾਂ ਦੇ ਕਈ ਕਵੀ ਹੋਏ ਹਨ, ਕੇਸੋਦਾਸ, ਕੇਸੋ ਗੁਣੀ ਤੇ ਇਕ ਕੇਸੋ, ਜਿਸ 'ਵਾਰ ਰਾਜਾ ਅਮਰ ਸਿੰਘ' ਲਿਖੀ। ਇਹ ਕੇਸੋ ਗੁਣੀ

ਲਗਦਾ ਹੈ, ਇਸ ਦਾ ਲਿਖਿਆ ਬਾਰਾਂਮਾਹ ਅਸਾਂ ਪੰਜਾਬੀ 'ਬਾਰਾਂਮਾਹੇ' ਪੁਸਤਕ ਦੇ ੯੦ ਪੰਨੇ ਤੇ ਦਿਤਾ ਹੈ। ਵੱਡੀ ਗੱਲ ਨਹੀਂ, ਇਹ ਵੀ ਗੁਰੂ ਸਾਹਿਬ ਦਾ ਸਮਕਾਲੀ ਹੀ ਹੋਵੇ ।

(੧੧) ਤਾਜਾ—ਇਸ ਬਾਰੇ ਕੋਈ ਵਾਕਫ਼ੀ ਨਹੀਂ ਮਿਲਦੀ।

(੧੨) ਨੂਰ ਜਮਾਲ—ਇਸ ਦਾ ਨਾਂ ਗੁਰੂ ਜੀ ਦੇ ਦਰਬਾਰੀ ਕਵੀਆਂ ਵਿਚ ਮਿਲਦਾ ਹੈ।

(੧੩) ਮੋਹਨ (੧੪) ਮਹਾਂ ਨੰਦ (੧੫) ਗਿਆਨਾਨੰਦ (੧੬) ਸਾਈਂ ਦਾਸ (੧੭) ਗੋਕਲ (੧੮) ਬਿੰਦ੍ਰਾ (੧੯) ਬਾਲਮੀਕ ਬਾਰੇ ਕੁਝ ਪਤਾ ਨਹੀਂ ਲਗਦਾ।

(੨੦) ਸਿਆਮ—ਇਹ ਨਾਂ ਵੀ ਦਰਬਾਰੀ ਕਵੀਆਂ ਦੀ ਸੂਚੀ ਵਿਚ ਮਿਲਦਾ ਹੈ।

(੨੧) ਵਲੀਰਾਮ—ਉਰਦੂ ਸ਼ਾਇਰੀ ਦੇ ਮੋਢੀਆਂ ਵਿਚ ਵਲੀ (੧੬੬੮ –੧੭੪੪ ਈ:) ਦਾ ਨਾਂ ਪਰਸਿਧ ਹੈ। ਪਰ ਇਹ ਮੁਸਲਮਾਨ ਸੀ ਤੇ ਇਹ ਵਲੀਰਾਮ ਹੋਰ ਕਵੀ ਸੀ, ਕੁਝ ਲੇਖਕਾਂ ਇਨ੍ਹਾਂ ਨੂੰ ਰਲਾ ਦਿਤਾ ਹੈ। ਇਨ੍ਹਾਂ ਦੇ ਰੇਖਤੇ ਤੇ ਭਜਨ ਵੀ ਮਿਲਦੇ ਹਨ।

(੨੨) ਤੇਜਭਾਨ—ਇਸ ਕਵੀ ਨੇ 'ਵਾਰ ਕਾਨ ਕੰਸ ਕੀ' ਨਾਂ ਦੀ ਇਕ ਵਾਰ ਵੀ ਲਿਖੀ ਹੈ ਜੋ ਅਸਾਂ ਆਪਣੀ ਪੁਸਤਕ 'ਪੰਜਾਬੀ ਵਾਰਾਂ', ਵਿਚ ਪਹਿਲੀ ਵਾਰ ਪ੍ਰਕਾਸ਼ਤ ਕੀਤੀ ਹੈ।

੨੩ ਦੇਵ ੨੪ ਭਗਵਾਨ ੨੫ ਮਹਾਂ ਸਿੰਘ ੨੬ ਸੂਰਦਾਸ ਤੇ ੨੭ ਮੱਯਾਰਾਮ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

(੨੮) ਦਿਆਲ ਭਾਵਨ–ਇਹ ਗਿਰੋਟਾ ਜ਼ਿਲਾ ਸਰਗੋਧੇ ਦਾਸਾਧੂ ਸੀ ਜਿਸ ਦੀ ਹੁਣ ਤਕ ਉਥੇ ਮਾਨਤਾ ਹੁੰਦੀ ਰਹੀ ਹੈ।

(੨੯) ਫਾਜ਼ਲ ਬਾਰੇ ਪਤਾ ਨਹੀਂ।

(੩੦) ਵਜੀਦ–ਇਹ ਪਠਾਣ ਸਨ ਤੇ ਹਾਸ਼ਮ ਸ਼ਾਹ ਦੇ ਮਾਮੇ ਲਗਦੇ ਸਨ ਇਨ੍ਹਾਂ ਦੇ ਸ਼ਲੋਕ ਤੇ ਫੁਟਕਲ ਪਦੇ ਵੀ ਮਿਲਦੇ ਹਨ।

੩੧ ਕਾਸਮ ੩੨ ਬਖਸ਼ ੩੩. ਬਨਵਾਰੀ (ਇਸ ਦੀ ਕੁਝ ਹਿੰਦੀ ਰਚਨਾਂ ਵੀ ਮਿਲਦੀ ਹੈ) (੩੪) ਜਹਾਂਗੀਰੀ ੩੫, ਲਾਹੜਿ ੩੬ ਉਤਮ ੩੭: ਖੁਲਦੀ ੩੮ ਜਾਨ ਮੁਹੰਮਦ ੩੯ ਨਈਅਮ ੪੦ ਤੱਯਤ ਇਨ੍ਹਾਂ ਬਾਰੇ ਕੁਝ ਪਤਾ ਨਹੀਂ।

(੪੧) ਸੰਤਦਾਸ–ਸਿਖ ਇਤਹਾਸ ਵਿਚ ਛਿਬੱਰ ਘਰਾਣਾ ਮਸ਼ਹੂਰ ਹੈ। ਇਨ੍ਹਾਂ ਵਿੱਚੋਂ ਸਤੀਦਾਸ ਤੇ ਮਤੀਦਾਸ ਗੁਰੂ ਤੇਗ ਬਹਾਦਰ ਜੀ ਦੇ ਦੀਵਾਨ ਸਨ ਤੇ ਇਨ੍ਹਾਂ ਦੇ ਨਾਲ ਹੀ ਸ਼ਹੀਦ ਹੋਏ ਸਨ। ਫਿਰ ਸਾਹਿਬ ਚੰਦ ਤੇ ਧਰਮ ਚੰਦ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ। ਦੀਵਾਨ ਧਰਮ ਚੰਦ ਦਾ ਪੁਤਰ ਕੇਸਰ ਸਿੰਘ ਹੋਇਆ, ਜਿਸ ੧੭੭੯ ਈ: ਵਿਚ ਬੰਸਾਵਲੀ-ਨਾਮਾਂ ਲਿਖਿਆ। ਇਸੇ ਖਾਨਦਾਨ 'ਚੋਂ ਭਾਈ ਸੰਤਦਾਸ ਤਪਸਵੀ ਹੋਏ ਇਨ੍ਹਾਂ ੧੭੭੭ ਈ: ਵਿਚ ਕਵਿਤਾ ਵਿਚ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਲਿਖੀ ਸੀ। ੧੭੭੯ ਈਸਵੀ ਦਾ ਲਿਖਿਆ ਮਾਝਾਂ ਦਾ ਖਰੜਾ ਪ੍ਰਾਪਤ ਹੈ।

(੪੨) ਗੁਆਲ ਭਗਤ–'ਸੰਤ ਰਤਨ ਮਾਲ' ਦੀ ਲਿਖਤ ਅਨੁਸਾਰ ਗੁਆਲ ਭਗਤ ਡੇਰਾ ਇਸਮਾਈਲ ਖ਼ਾਂ ਦੇ ਰਹਿਣ ਵਾਲੇ ਸਨ ਤੇ ਉਥੇ ਆਪ ਕਥਾ ਕਰਿਆ ਕਰਦੇ ਸਨ। ਸੇਵਾ ਪੰਥੀ ਸਾਧੂ ਸਵਾ ਰਾਮ ਜੀ ਤੇ ਆਇਆ

ਰਾਮ ਜੀ ਨੇ ਵੀ ਇਨ੍ਹਾਂ ਦੀ ਸੰਗਤ ਕੀਤੀ ਸੀ, ਇਸ ਤੋਂ ਜਾਪਦਾ ਹੈ ਕਿ ਇਹ ੧੯ ਵੀਂ ਸਦੀ ਦੇ ਬਿਲਕੁਲ ਮੁੱਢ ਵਿਚ ਹੋਏ ਹਨ।

(੪੩, ੪੪) ਗੁਨਕਾਰੀ ਤੇ ਬਾਕੀ ਬਾਰੇ ਕੁਝ ਪਤਾ ਨਹੀਂ ਲਗਿਆ।

(੪੫) ਚੂਹੜ—ਇਹ ਪੱਛਮੀ ਪੰਜਾਬ ਦੇ ਸਨ ਤੇ ਚੰਗੇ ਉਚ ਪਾਏ ਦੇ ਫਕੀਰ ਤੇ ਕਵੀ ਸਨ।

(੪੬) ਮਨਹਰਦਾਸ—ਇਕ ਚੰਗੇ ਉਦਾਸੀ ਸਾਧੂ ਹੋਏ ਹਨ।

(੪੭) ਨਿਰੰਕਾਰ—ਬਿਰਕਤ ਸਾਧੂਆਂ ਵਿਚੋਂ ਸਨ।

(੪੮) ਸੇਵਾਦਾਸ—ਇਹ ਸੇਵਾਪੰਥੀ ਸੰਪ੍ਰਦਾ ਦੇ ਮੁਖੀਏ ਸਨ, ਭਾਈ ਕਨ੍ਹਈਆ ਜੀ ਦੇ ਚੇਲੇ ਤੇ ਭਾ: ਅੱਡਣ ਜੀ ਦੇ ਗੁਰੂ ਸਨ। ਇਹ ਸਿੰਧ ਦੇ ਜੰਮਪਲ ਸਨ ਤੇ ਇਨ੍ਹਾਂ ਦਾ ਡੇਰਾ ਨੂਰਪੁਰ ਥਲ ਮਸ਼ਹੂਰ ਹੈ ਵਧੇਰੇ ਮੁਲਤਾਨ ਭੇਰਾ, ਮਿਆਣੀ ਤੇ ਸੌਦਰਾ ਆਦਿ ਵਲ ਪਰਚਾਰ ਕਰਦੇ ਰਹੇ। ਸੇਵਾ ਪੰਥੀ ਸਾਖੀਆਂ ਵਿਚ ਇਨ੍ਹਾਂ ਦਾ ਨਾਂ ਸੇਵਾਰਾਮ ਲਿਖਿਆ ਹੈ ਪਰ ਕਵਿਤਾ ਵਿਚ ਇਨ੍ਹਾਂ ਸੇਵਾਦਾਸ ਕਰਕੇ ਵਰਤਿਆ ਹੈ ਤੇ ਅਸਾਂ ਇਹੋ ਹੀ ਰਖਿਆ ਹੈ। ਹੋ ਸਕਦਾ ਹੈ, ਇਹ ਮਾਝਾਂ ਰਚਣ ਵਾਲਾ ਸੇਵਾਦਾਸ, ਭਾਈ ਸੇਵਾ ਰਾਮ ਜੀ ਤੋਂ ਕੋਈ ਵੱਖਰਾ ਵਿਅਕਤੀ ਹੀ ਹੋਵੇ। ਵੈਸੇ ਸੇਵਾਪੰਥੀਆਂ ਵਿਚ ਇਹ ਵੀ ਰਵਾਇਤ ਹੈ ਕਿ ਇਹ ਮਾਝਾਂ ਜਾਂ ਆਸਾਵਰੀਆਂ ਭਾਈ ਸਹਿਜ ਰਾਮ ਜੀ ਨੇ ਲਿਖੀਆਂ ਸਨ ਤੇ ਨਾਂ ਉਨ੍ਹਾਂ ਆਪਣੇ ਮੁਰਸ਼ਦ ਦਾ ਪਾਇਆ ਸੀ।

(੪੯) ਸੁਰਜਨਦਾਸ ਆਜ਼ਾਦ—ਇਹ ਅਜ਼ਾਦ—ਤਬੀਅਤ ਖੁਲਾਸੇ ਉਦਾਸੀ ਸਾਧੂ ਸਿਖ ਰਾਜ ਸਮੇਂ ਹੋਏ ਹਨ ਤੇ ਜ਼ਿਲਾ ਗੁਜਰਾਂ ਵਾਲੇ ਦੇ ਅਜਨੀਆਂ ਵਾਲੇ ਦੀ ਗੱਦੀ ਤੇ ਸ੍ਰੀ ਮਹੰਤ ਸਨ। ਇਨ੍ਹਾਂ ਦੀ ਪੁਸਤਕ 'ਆਜ਼ਾਦ ਸਾਗਰ' ਹੈ ਜਿਸ ਵਿਚ ਕਾਫੀਆਂ, ਰੇਖਤੇ, ਦੋਹਰੇ, ਸੀਹਰਫੀਆਂ ਤੇ ਮਾਝਾਂ ਆਦਿ ਮਿਲਦੀਆਂ ਹਨ। ਅਸਾਂ ਇਹ ਪੁਸਤਕ ਨਹੀਂ ਵੇਖੀ, ਬਾਵਾ ਬੁਧ ਸਿੰਘ ਜੀ ਦੇ 'ਹੰਸ ਚੋਗ' ਵਿਚ ਦਿਤੇ ਨਮੂਨਿਆ ਵਿਚੋਂ ਇਹ ਮਾਝਾਂ ਲਈਆਂ ਗਈਆਂ ਹਨ।

(੫੦) ਸਾਵਣ ਯਾਰ—ਇਹ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ

ਹੋਏ ਹਨ। ਇਨ੍ਹਾਂ ਸ਼ੇਰੇਪੰਜਾਬ ਬਾਰੇ ਵੀ ਇਕ ਸੀਹਰਫੀ ਲਿਖੀ ਹੈ।

(੫੧) ਬੁਧ ਸਿੰਘ–ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਹੋਏ ਹਨ। ਇਹ ਹਿੰਦੀ ਦੇ ਵੀ ਬੜੇ ਅਛੇ ਕਵੀ ਸਨ, ਇਨ੍ਹਾਂ ਰਾਜਨੀਤਿ ਬੁਧ ਬਾਰਧਿ (੧੮੪੧ ਈ:) ਮਾਧਵਾਨਲ ਕਾਮਕੰਦਲਾ, ਅਦਭੁਤ ਨਾਟਕ ਰਾਮਾਇਣ, ਸ਼ੀਘ੍ਰ ਬੋਧ ਆਦਿ ਕਈ ਪੁਸਤਕਾਂ ਲਿਖੀਆਂ। ਪੰਜਾਬੀ ਵਿਚ ਇਨ੍ਹਾਂ ਦੀਆਂ ਸੀਹਰਫੀਆਂ, ਬਾਰਾਂਮਾਹ ਤੇ ਕੁਝ ਹੋਰ ਨਿਕੀਆਂ ਰਚਨਾਵਾਂ ਮਿਲਦੀਆਂ ਹਨ।

(੫੨) ਸੰਤਰੇਣ–ਇਹ ਸਿਖ ਰਾਜ ਦੇ ਜ਼ਮਾਨੇ ਬੜੇ ਪਹੁੰਚੇ ਹੋਏ ਮਹਾਂ ਪੁਰਖ ਹੋਏ ਹਨ। ਜਨਮ ੧੭੪੧ ਈ: ਸ੍ਰੀ ਨਗਰ ਹੋਇਆ ਤੇ ਦੇਹਾਂਤ ੧੮੭੧ ਈਸਵੀ ਵਿੱਚ ਪਿੰਡ ਭੂਦਨ (ਜ਼ਿਲਾ ਸੰਗਰੂਰ) ਵਿੱਚ ਜੋਕਿ ਮਲੇਰ ਕੋਟਲੇ ਲਾਗੇ ਹੈ। ਬਾਲਾਪੁਰ ਪੀਠ ਜ਼ਿਲਾ ਅਕੋਲਾ ਵਿੱਚ ਵੀ ਇਨ੍ਹਾਂ ਦਾ ਇਕ ਭਾਰੀ ਡੇਰਾ ਹੈ, ਕਿਉਂਕਿ ਇਹ ਦੱਖਣ ਵਲ ਵੀ ਕਾਫੀ ਅਰਸਾ ਵਿਚਰਦੇ ਰਹੇ ਸਨ। ਭੂਦਨ ਦੇ ਡੇਰੇ ਵਿਚ ਇਨ੍ਹਾਂ ਦੀਆਂ ਪੁਸਤਕਾਂ ਗੁਰੂ ਨਾਨਕ ਵਿਜੈ, ਮਨ ਪ੍ਰਬੋਧ, ਅਨਭੈ ਅੰਮ੍ਰਿਤ, ਸ੍ਰੀ ਗੁਰੂ ਨਾਨਕ ਬੋਧ, ਉਦਾਸੀ ਬੋਧ ਦੇ ਹਥ ਲਿਖਤ ਖਰੜੇ ਸੁਰੱਖਿਅਤ ਹਨ। ਇਨ੍ਹਾਂ ਦੀਆਂ ਕੁਝ ਰਚਨਾਵਾਂ ਦਾ ਇਕ ਹਥ-ਲਿਖਤ ਖਰੜਾ ਮੇਰੇ ਪਾਸ ਵੀ ਹੈ, ਜਿਸ ਵਿੱਚ ਡੇਢ ਸੌ ਦੇ ਲਗਭਗ ਮਾਝਾਂ ਤੇ ਚਾਰ ਸੀਹਰਫੀਆਂ ਵੀ ਹਨ, ਇਹ ਅਸਾਂ ਇਕ ਵੱਖਰੀ ਪੁਸਤਕ 'ਮਹਾਂ ਕਵੀ ਸੰਤਰੇਣ' ਵਿੱਚ ਪ੍ਰਕਾਸ਼ਤ ਕਰ ਦਿੱਤੀਆਂ ਹਨ। ਇਸ ਖਰੜੇ ਵਿੱਚ ਦਿਤੇ ਸੰਮਤ ਤੋਂ ਪਤਾ ਚਲਦਾ ਹੈ ਕਿ ਇਹ ੧੮੪੧ ਈਸਵੀ ਵਿਚ ਲਿਖੀਆਂ ਗਈਆਂ ਸਨ।

ਮਾਝਾਂ ਦਾ ਸੰਪਾਦਨ

ਇਹ ਮਾਝਾਂ ਦਾ ਸੰਪਾਦਨ ਕਰਨ ਵਿਚ ਹੇਠ ਲਿਖੇ ਹੱਥ ਲਿਖਤ ਖਰੜਿਆਂ ਤੇ ਪੋਥੀਆਂ ਤੋਂ ਸਹਾਇਤਾ ਲਈ ਗਈ ਹੈ। ਇਨ੍ਹਾਂ ਸਾਰਿਆਂ ਖਰੜਿਆਂ ਵਿਚ ਹੀ, ਕਵੀ ਵਾਰ ਮਾਝਾਂ ਦਰਜ ਨਹੀਂ, ਸਭ ਰਲੀਆਂ ਮਿਲੀਆਂ ਹਨ, ਅਸਾਂ ਇਨ੍ਹਾਂ ਨੂੰ ਕਵੀ ਵਾਰ ਤਰਤੀਬਿਆ ਹੈ।

੧. ਮੋਤੀ ਬਾਗ ਲਾਇਬਰੇਰੀ ਪਟਿਆਲਾ ਖਰੜਾ ਨੰਬਰ ੮੨

੨. ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਖਰੜਾ ਨੰਬਰ ੪੯੮
੩: " " " " " ੫੨੫
੪: " " " " " ੭੧੨
੫. ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦਾ ਖਰੜਾ ਨੰਬਰ੧੫੬੨
੬. " " " " " ੩੫੧੧/੧੨
੭. ਮੇਰਾ ਅਪਣਾ ਖਰੜਾ ਜਿਸ ਵਿਚ ਸੱਠ ਕੁ ਮਾਝਾਂ ਹਨ।
੮. ਮੇਰੇ ਪਾਸ ਹਥਲਿਖਤ ਖਰੜਾ (ਮੰਤਰੇਣ ਜੀ ਦੀਆਂ ਮਾਝਾਂ ਵਾਲਾ)
੯. " " (ਸੰਤ ਦਾਸ ਜੀ ਦੀਆਂ ਮਾਝਾਂ ਵਾਲਾ)
੧੦. ਪੋਥੀ ਆਸਾਵਰੀਆਂ ਕ੍ਰਿਤ ਸਹਿਜ ਰਾਮ

ਮਾਝਾਂ ਬੁਧ ਸਿੰਘ ਦੀਆਂ ਅਸਾਂ ਸ੍ਰ: ਨਿਰੰਜਨ ਸਿੰਘ ਪਟਿਆਲਾ ਪਾਸ ਪਏ ਖਰੜੇ ਤੋਂ ਉਤਾਰੀਆਂ ਤੇ ਮਾਝਾਂ ਸਾਵਣ ਯਾਰ ਕੀਆਂ ਭਾਈ ਹਰੀ ਸਿੰਘ ਨਾਭਾ ਦੇ ਖਰੜੇ ਤੋਂ ਨਕਲ ਕੀਤੀਆਂ ਹਨ, ਮੇਰੇ ਪਾਸ ਵੀ ਇਸਦਾ ਇਕ ਹਥ ਲਿਖਤ ਨੁਸਖਾ ਹੈ।

ਫੁਟਕਲ ਮਾਝਾਂ ਨਾਂ ਹੇਠ ਜੋ ਮਾਝਾਂ ਦਿਤੀਆ ਗਈਆਂ ਹਨ ਉਹ ਵੀ ਪਹਿਲੇ ਮਾਝਾਂ ਰਚਣਹਾਰ ਕਿਸੇ ਨਾ ਕਿਸੇ ਕਵੀ ਦੀਆਂ ਹੀ ਹਨ। ਹੋ ਸਕਦਾ ਹੈ ਕੁਝ ਉਨ੍ਹਾਂ ਵਿਚੋਂ ਬਿਹਾਰੀ ਦੀਆਂ ਹੋਣ ਜਾਂ ਚੂਹੜ ਜਾਂ ਕਿਸੇ ਹੋਰ ਕਵੀ ਦੀਆਂ। ਨਾਮ ਨ ਹੋਣ ਕਰਕੇ ਇਨ੍ਹਾਂ ਨੂੰ ਅੱਡ ਦੇ ਦਿਤਾ ਗਿਆ ਹੈ। ਮੈਨੂੰ ਪਤਾ ਹੈ, ਕਈ ਪਾਠ ਅਸ਼ੁਧ ਹਨ, ਪਰ ਮਜਬੂਰੀ ਕਾਰਨ ਜੋ ਮਿਲੇ ਉਹ ਦੇ ਦਿਤੇ ਗਏ ਹਨ। ਸਮਾ ਆਏਗਾ ਜਦੋਂ ਸਾਨੂੰ ਇਨ੍ਹਾਂ ਵਿਚੋਂ ਬਿਹਾਰੀ, ਚੂਹੜ ਤੇ ਗਾਮ ਲ ਜਿਹੇ ਕਈ ਮਹਾਨ ਕਵੀਆਂ ਦੇ ਪੂਰੇ ਦੀਵਾਨ ਕਾਵਿ-ਸੰਗ੍ਰਹਿ ਮਿਲ ਸਕਣਗੇ ਤੇ ਅਸੀ ਇਨ੍ਹਾਂ ਦੀ ਪੂਰੀ ਰਚਨਾਵਲੀ ਦਾ ਸੁਆਦ ਮਾਣ ਸਕਾਂਗੇ। ਇਹ ਕਿਣਕਾ ਮਾਤਰ ਪਰਸਾਦ ਇਸ ਲਈ ਭੇਟ ਹੈ ਕਿ ਅਸੀ ਇਨ੍ਹਾਂ ਮਾਝਾਂ ਲਿਖਣਹਾਰੇ ਕਵੀਆਂ ਦੀ ਪੰਜਾਬੀ ਸੇਵਾ ਨੂੰ ਭੁਲ ਨਾ ਜਾਈਏ ਤੇ ਸਾਹਿਤ ਦੇ ਇਤਿਹਾਸ ਵਿਚ ਇਨ੍ਹਾਂ ਨੂੰ ਯੋਗ ਥਾਂ ਦੇਈਏ।

-੦- ਪਿਆਰਾ ਸਿੰਘਪਦਮ

ਮਾਝਾਂ

੫. ਨਨ੍ਹਆ

ਦਰਦੁ ਤੁਸਾਡਾ ਦਾਰੂ ਸਾਡਾ; ਲਗਾ ਦਿਲ ਤੇ ਰਹਿੰਦਾ ਵੋ
ਸੂਲ ਸਹਮ ਗ਼ਮ ਕਉੜੇ ਕਉੜੇ; ਮਿਠੇ ਕਰਕੇ ਸਹੰਦਾ ਵੋ
ਜਾਨ ਨ ਦੇਈ ਆਪਿ ਨ ਜਾਈ; ਬੂਹਾ ਮੱਲ ਮੱਲ ਬਹਿੰਦਾ ਵੋ
ਨਨ੍ਹੂਆ ਸਮਝ ਕੁਝ ਨ ਆਵੈ; ਇਹ ਜ਼ਾਲਮ ਕਿਆ ਕਹਿੰਦਾ ਵੋ ।੧।

੬. ਮਨੋਰਾਮ

ਸਤਿ ਸਰੂਪ ਪਾਹਿ ਦਾ ਸਾਗਰ; ਵਤਰਿ ਲਗੀ ਭਾਲ ਜਿਉਂ ਭਾਲਾ
ਗੁਰ ਗੋਬਿੰਦ ਦੀ ਰੰਗਣ ਰਤੇ; ਥੀਏ ਲਾਲ ਗੁਲਾਲਾ
ਸਿਕਾਂ ਸਿਕ ਸਜਣ ਦੀ ਦਿਲ ਵਿਚਿ, ਜਰਬਿ ਅਨੂਪ ਬਣੀ ਅਤਿ ਆਲ੍ਹਾ
ਮਨੋਰਾਮ ਨਾ ਕਾਣ ਕਹੀਂਦੀ, ਸਾਡਾ ਸਿਰ ਪਰਿ ਕਲਗੀ ਵਾਲਾ ।੧।

ਸਤਿ ਸਰੂਪ ਸਤਿ ਜਿਨਿ ਜਾਤਾ; ਸੋ ਸਤ ਪੁਰਖ ਦੇ ਪਿਆਰੇ
ਮਨ ਬਚ ਕਰਮ ਅਧਰਕੋ ਡਾਰਹ, ਬੈਸਹ ਤੇ ਜਨਿ ਖਾਰੇ
ਕਿਚਰਕੁ ਅੜੀ ਸੰਤ ਸਿਉ ਸਾਕਤ, ਜੋਨ ਕੋਨ ਬਿਧਿ ਹਾਰੇ
ਮਨਾਰਾਮ ਰੁਕ ਜੈਂ ਵਲ ਸੰਗਤ ਕਾ, ਗੁਰੂ ਪਾਸਾ ਤਿਤੁ ਵਲਿ ਢਾਲੇ ।੨।

ਜਿਤੁ ਦਿਨ ਯਾਰ ਵਿਛੋੜਾ ਤੇਰਾ, ਸੋ ਦਿਨ ਅਜਲੋਂ ਭਾਰੀ
ਪਲੁ ਪਲੁ ਵਿਚਿ ਵਿਛੋੜਾ ਕੁਹਦਾ; ਅਜਲ ਕੁਹੇ ਇਕ ਵਾਰੀ

... ...

੭, ਭਗਤੂ

ਬੇਫਿਕਰਾਂ ਨੂੰ ਫਿਕਰੁ ਨ ਕੋਈ, ਸਦਾ ਰਹੇ ਮਤਵਾਲੇ
ਅਠੇ ਪਹਰਿ ਰਹਿਨ ਵਿਚ ਗਿਣਤੀ, ਬਹੁਤੀ ਮਾਇਆ ਵਾਲੇ

ਇਸੁ ਮਾਇਆ ਤੇ ਦੂਰ ਖੜੋਤੇ, ਕੋਈ ਵਿਰਲੇ ਸਾਧ ਸੁਖਾਲੇ
ਕੰਮ ਸੁਖਾਲਾ ਦੇ ਬੇੜੇ ਭਗਤੂ, ਮੈਂਡਾ ਸਤਿਗੁਰ ਆਪਿ ਸਮਾਲੇ ।੧।

ਸੰਜੋਗੀ ਮਿਲਿਆ ਮਾਤ ਪਿਤਾ ਸੁਤ ਭਾਈ
ਕਿਥਹੁ ਆਇਆ ਕਿਥੈ ਜਾਸੀ, ਕਹਿਣਾ ਕਛੂ ਨ ਜਾਈ
ਰੋਵਣ ਪਿਟਣ ਛਾਰ ਉਡਾਵਣ, ਏਹੁ ਮੂਰਖ ਦੀ ਮੂਰਖਾਈ ।
ਪੈਂਡੇ ਉਪਰਿ ਪਵਨ ਬਟਾਊ, ਕੋਈ ਬੰਨ੍ਹ ਨ ਬੈਠੋ ਫੇਰੀ
ਆਇਆ ਹਰਖ ਨ ਗਇਆ ਦਿਲਗੀਰੀ, ਏਹਾ ਗੱਲ ਚੰਗੇਰੀ
ਰਾਤਿ ਅੰਧੇਰੀ ਹਾਕਮੁ ਕਰੜਾ, ਗਾਫਲ ਚੇਤੁ ਸਵੇਰੀ
ਕੂਚ ਨਗਾਰਾ ਥੀਵਾਂ ਭਗਤੂ, ਵਤਿ ਨ ਆਵਣ ਵੇਰੀ ।੨।

ਸਤਿਜੁਗ ਤੇਤਾ ਦੁਆਪੁਰ ਵਰਤਿਆ, ਵਰਤਨਗੇ ਯੁਗ ਚਾਰੇ
ਦਇਆ ਬਰਾਬਰਿ ਤੀਰਥੁ ਨਾਹੀ, ਬ੍ਰਹਿਮਾ ਬਿਸਨ ਪੁਕਾਰੇ
ਤੀਰਥ ਨਾਤਿਆ ਏਕੁ ਫਲ ਪਾਇਆ, ਸਾਧ ਮਿਲਿਆਂ ਫਲ ਚਾਰੇ
ਸਤਿਗੁਰ ਮਿਲਿਆਂ ਪੂਰਾ ਨਾਵਣ, ਨਦਰਿ ਕਰੇ ਨਿਸਤਾਰ ।੩।

੯. ਫੱਤਮਲ

ਨਾਮ ਤੁਮਾਰਾ ਜਪਿ ਜਪਿ ਜੀਵਾਂ, ਸੁਰਤਿ ਕਰੀਂ ਜਪਮਾਲੀ
ਨਿਸ ਬਾਸਰ ਹੀਆਰੈ ਮਹਿ ਜਪਦਾ, ਸੁਰਤਿ ਸਤਿਗੁਰ ਵਾਲੀ
ਗੁਰਮੁਖ ਅੰਮ੍ਰਿਤ ਪੀਵਿ ਅਘਾਣੇ, ਨਿੰਦਕੁ ਦਾ ਘਟ ਖਾਲੀ
ਸਿਰਿ ਫੱਤਾ ਜਿਨ੍ਹਾਂ ਗੁਰੂ ਪਛਾਤਾ, ਤਿਨ੍ਹਾ ਹਰਦਮ ਸਦਾ ਖੁਸ਼ਹਾਲੀ ।੧।

ਆਲੇ ਆਲੇਆਲੇ, ਮੇਰਾ ਸਤਿਗੁਰ ਨਾਮੁ ਸਮਾਲੇ
ਜਿਨ੍ਹਾਂ ਨੂੰ ਰਟ ਨ ਕਾਈਆ, ਰਬੁ ਤਿਨ੍ਹਾ ਨੂੰ ਪਾਲੇ

ਘਰਿ ਆਇਆਂ ਦੀ ਖਬਰਿ ਨ ਲੱਧੀ, ਕੀਤੀ ਬੇਪਰਵਾਹੀ
ਲੜਿ ਸਿਧਾਣੋ ਉਘੜਿ ਗਈਆਂ, ਲਗੀ ਉਭੇ ਸਾਹੀ
ਮੈਂਥੋ ਸੇਵਾ ਕੁਛੁ ਨ ਹੋਈਆ, ਮੈਂ ਅਹਲਿ ਦਿਵਾਨੀ ਆਹੀ
ਕੈਸੇ ਹੋਰ ਪਈ ਵਿਚਿ ਮਾਂਈਆ, ਪਰ ਕੂਕੇ ਮਾਹੀ ਮਾਹੀ ।੪।

ਇਕੁ ਸਨੇਹਾ ਮੇਰੇ ਮੁਰਸ਼ਦ ਵਾਲਾ, ਸੀਨੇ ਅੰਦਰ ਪੁੜਿਆ
ਹੁਣ ਤਾਂ ਮੁੜਿਆਂ ਬਣਦੀ ਨਾਹੀਂ, ਸਨਮੁਖ ਮੱਥਾ ਜੁੜਿਆ
ਭੈਨੋ ਭੈਨੋ ਪਤਣਿ ਵੈਂਵਾਂ, ਅੱਗਹੁ ਬੇੜਾ ਰੁੜਿਆ
ਤਿਨਾ ਨਾਲਹੁੰ ਤੁਟੀ ਚੰਗੀ, ਸਿਦਕੁ ਜਿਨ੍ਹਾਂ ਦਾ ਮੁੜਿਆ ।੫।

ਦੁਇ ਮੈਂਡੀਆਂ ਦੁਇ ਦਿਲਬਰਿ ਵਾਲੀਆਂ, ਚਾਰੇ ਜੁਦਾ ਨਾ ਥੀਵਨ
ਕਿਸੈ ਮਹੂਰਤ ਅਖੀਆਂ ਲਗੀਆਂ, ਉਲਟਿ ਪੁਲਟਿ ਰਸ ਪੀਵਨ
ਕੋਈ ਸ ਰੰਗ ਚੜ੍ਹਿਆ ਖੂਬੀ ਦਾ, ਦਿਹੁੰ ਦਿਹੁੰ ਲਾਲ ਡਿਸੀਵਨ
ਚੰਦਾ ਨੇਹੀ ਨੇਹੁ ਨ ਛੋਡਨਿ, ਜਾਂ ਜਾਂ ਤੋੜੀਂ ਜੀਵਨ ।੬।

ਮੁਸ਼ਕਲ ਘਾਟ ਫਕੀਰਾਂ ਮੱਲੇ, ਸੁਖਾਲੇ ਗਨੀਵਾਂ
ਜੰਗਲ ਬੇਲੇ ਸ਼ੀਹਾ ਮੱਲੇ, ਮਿਰਗ ਮਲਾਇਰ ਛਾਵਾਂ
ਮਾਨ ਸਰੋਵਰ ਹੰਸਾਂ ਮੱਲੇ, ਤਖਤ ਮਲੇ ਪਾਤਸ਼ਾਹਵਾਂ
ਕੇਸੋ ਦਰਦ ਮਲੇ ਤਾਂ ਮੁਲਕ, ਹਉ ਕਿਤਾ ਰੁਕ ਆਵਾਂ ।੭।

ਤੈਂਡੀ ਸੂਰਤਿ ਮੈਂਡੇ ਮਿਤ੍ਰ ਪਿਆਰਿਆ, ਮੈਂਡੇ ਦਿਲ ਤਉ ਲਹਦੀ ਨਾਹੀ
ਏਕ ਘੜੀ ਪਲੁ ਨਜ਼ਰ ਨ ਆਵੈ, ਮੈਂਡੇ ਸੀਨੇ ਭੜਕਨਿ ਭਾਹੀ
ਵਿਛੁੜ ਯਾਰ ਗਏ ਦੁਰੇਡੇ, ਤਾਂ ਮਤੀਐ ਕਿਉਂ ਕਰ ਨਾਹੀ
ਕੇਸੋ ਯਾਰ ਮਿਲਿਆਂ ਦਿਲ ਸ਼ਾਦੀ ਹੋਈ, ਮਿਟਨ ਦਰਦ ਦੀਆਂ ਆਹੀਂ ।੮।

ਡੇਖਣ ਗਏ ਸਿ ਆਪ ਵਿਕਾਣੇ, ਨ ਕੋਈ ਸੁਧ ਸਨੇਹਾ
ਦਿਲਬਰ ਮੁਲ ਪਿੱਧਾ ਮਾਸ਼ੂਕਾਂ, ਫਿਰਿ ਆਵਨਿ ਉਹ ਕੇਹਾ
ਅੱਖੀਂ ਜਾਇ ਮਿਲੀਆਂ ਵਿਚਿ ਅੱਖੀਂ, ਘੁਲਿ ਗਈ ਸਭੁ ਦੇਹਾ
ਕੇਸੋ ਸੁਖ਼ਨ ਗੁੰਜਾਇਸ਼ ਨਾਹੀ, ਇਸ਼ਕਿ ਨਸੀਹਤਿ ਏਹਾ ।੯।

ਅਗੇ ਨੀਰ ਚਲੇ ਅਸਗਾਹੀ, ਪਿਛੈ ਅਗਨ ਦਬਾਵੈ
ਸੱਜੈ ਸ਼ੇਰ ਦੇਵੈ ਦਿਖਲਾਈ, ਖੱਬੈ ਬਿਸੀਅਰੁ ਖਾਵੈ
ਧਰਤੀ ਦੇ ਵਿਚ ਜਾਇ ਨ ਕਾਈ, ਗਗਨ ਨ ਚੜ੍ਹਿਆ ਜਾਵੈ
ਏਤੇ ਹਾਲ ਬਿਹਾਵੈ ਕੇਸੋ, ਜਾਂ ਰਾਂਝਣ ਮਿਲ ਜਾਵੈ !੧੦।

ਇਸ਼ਕ ਨਗੀਨਾ ਸੋਈ ਜਾਣਨ, ਜੋ ਹੋਵਣ ਆਪ ਨਗੀਨੇ
ਇਸ਼ਕ ਮੁਸ਼ਕ ਦੀ ਸਾਰ ਨ ਜਾਣਨ, ਕਾਇਰ ਲੋਕ ਕਮੀਨੇ
ਇਸ਼ਕ ਨਾਹੀ ਕੋਈ ਤਿਖੀਆਂ ਛੁਰੀਆਂ, ਘਾਉ ਕਰਨ ਵਿਚਿ ਸੀਨੈ
ਤੁਧ ਨੈਣਾਂ ਦੇ ਦੇਖਣ ਕਾਰਨ, ਕੇਸੋ ਚਾਕਰ ਬਾਝੁ ਮਹੀਨੈ ।੧੧।

ਵਿਛੁੜਿਆਂ ਦੇ ਲਈ ਸਨੇਹੇ, ਪੁੱਛਾਂ ਕਾਲਿਆਂ ਕਾਵਾਂ
ਮਨ ਮਿਕੇ ਤਨ ਮਿਲਿਆ ਲੋੜਹਿ, ਆਵਣ ਮਿਲੇ ਤਾਂ ਆਵਾਂ
ਦੁਖਾਂ ਦੀ ਟਿਕੀ ਸੂਲਾਂ ਦਾ ਲਾਵਣ, ਚੱਕੀ ਚਾਈ ਖਾਵਾਂ
ਸੂਲਾਂ ਕੋਲੋਂ ਛੁਟ ਪਵਾਂ ਕੇਸੋ, ਨਿਜੁ ਜਣੇਦੀਆਂ ਮਾਵਾਂ ।੧੨।

ਦਰਦ ਦੀਦਾਰ ਦਿਵਾਨੀ ਪੁਛਾਂ, ਵਾਟੋਂ ਰੋਕ ਖੜੋਈ
ਯਾਰਾਂ ਦੇ ਮੈਂ ਸੁਨੇਹੇ ਪੁਛਾਂ, ਦੇਂਦਾ ਨਾਹੀਂ ਕੋਈ
ਬਾਹਰ ਖੋੜ ਸਬੂਤ ਦਿਸੀਂਦੀ, ਗੁੱਝੀ ਘਾਇਲ ਹੋਈ
ਯਾਰਾਂ ਦੇ ਵਿਛੋੜੇ ਕਾਰਨ, ਮੈਂ ਖਰੀ ਅਜ਼ੁਰਦੀ ਹੋਈ ।੧੩।

੧੧. ਤਾਜਾ

ਮਾਲਾ ਦਸਤਾਂ ਦੈ ਵਿਚ ਰਹੀਆਂ, ਜੀਭ ਰਹੀ ਹਰਿ ਕਰਦੀ
ਬੂਹੇ ਮੁਰਸ਼ਦ ਆਇ ਖਲੋਤੇ, ਕੁੰਡੀ ਚੜ੍ਹ ਗਈ ਦਰ ਦੀ
ਨਾ ਪਰਵਾਹਿ ਸ਼ਰ੍ਹਾ ਦੀ ਰਹੀਆ, ਨ ਅਸਾਂ ਹਾਕਮ ਨਰ ਦੀ
'ਤਾਜਾ' ਵੰਞਿ ਉਥਾਊਂ ਬੈਠਾ, ਜਿਥੋਂ ਖਲਕਤ ਡਰਦੀ ।੧।

ਜੋ ਕਿਛੁ ਕਰੈ ਸੁ ਮਨ ਦਾ ਭਾਣਾ, ਤਿਸਦਾ ਕੀ ਭਰਵਾਸਾ
ਸਿਰ ਤੋਂ ਛਤ੍ਰ ਲਾਹਿ ਵਿਖਾਲੇ, ਹੱਥ ਫੜਾਵੈ ਕਾਸਾ
ਗਲੀਆਂ ਦੇ ਵਿਚ ਟੁਕ ਮੰਗਾਵੈ, ਵੇਖੈ ਆਪ ਤਮਾਸ਼ਾ
'ਤਾਜਾ' ਉਥੇ ਸਿਰ ਦਿਤੇ ਦਾ ਕੇਹਾ ਦ੍ਹਾਵਾ, ਜਿਥੇ ਖ਼ੂਨ ਬਰਾਬਰ ਹਾਸਾ ।੨।

੧੨. ਨੂਰ ਜਮਾਲ

ਬ ਬੁਰਿਆਈ ਕੁਲ ਆਲਮ ਦੇਵੇ, ਮੈਂ ਕੰਨ ਨ ਕਰਸਾਂ ਕਾਈ
ਸ਼ੁਹਰਤ ਕੁਲ ਮਲਾਂਮਤ ਤੈਂਡੀ, ਭਾਇ ਅਸਾਡੇ ਆਈ
ਸਉਦਾ ਕੀਚੈ ਨਾਲ ਮਲੂਕਾਂ, ਰੂਹ ਮਿਲੈ ਚੁਕਸਾਈ
ਨੂਰ ਜਮਾਲ ਮਹਿਬੂਬਾਂ ਬਾਝਹੁੰ, ਉਮਰ ਅਜਾਈਂ ਜਾਈ ।੧।

ਤੇ ਤਕੱਬਰੀ ਕੀਚੈ ਨਾਹੀ, ਏਹੁ ਦਿਨ ਨਿਤ ਨ ਹੋਸਨ
ਤੇਲ ਫੁਲੇਲ ਚੰਬੇਲੀ ਵਾਲੇ, ਸਭ ਖਾਕ ਗੜਾਵਲ ਹੋਸਨ
ਜੋ ਕੁਝ ਕੀਤੇ ਹੱਥੀਂ ਪੈਰੀਂ, ਹੋਇ ਉਗਾਹ ਖੜੋਸਨ
ਨੂਰ ਜਮਾਲ ਮਸ਼ੂਕਾਂ ਬਾਝਹੁ, ਨੈਨ ਹੰਝੂ ਭਰਿ ਰੋਸਨਿ ।੨।

੧੩. ਮੋਦਨ

ਇਹੁ ਤਨੁ ਸਾਜਿ ਕੀਤਾ ਸਰ ਮੰਦਲ, ਰਗ ਰਗ ਦੀਆਂ ਪਈਆਂ ਤਾਰਾਂ
ਸੂਲਾਂ ਦੀਆਂ ਰਾਸ ਬਣਾਈਆਂ ਕਿਲੀਆਂ, ਨਖਾਂ ਦੀਆਂ ਨਖਾਹਾਰਾਂ
ਲੈ ਕਰਿ ਦਰਦੁ ਵਜਾਵਣ ਲਾਗਾ, ਸੁੰਵੇ ਬਿਰਹਿ ਦੀਆਂ ਤਨ ਮਾਰਾਂ
ਮੋਦਨਿ ਹੋਰ ਸਰੋਦੁ ਨ ਵਜਦਾ, ਪਰੁ ਕੂਕਨਿ ਯਾਰਾਂ ਯਾਰਾਂ ।੧।

ਲਬ ਦਰਿਆਉ ਰਹੈ ਇਕ ਪੰਖੀ, ਆਬ ਨ ਪੀਂਦਾ ਡਰਦਾ
ਅਕੈ ਤਾਂ ਉਸ ਤਲਬ ਪਾਣੀ ਦੀ ਨਾਹੀਂ, ਅਕੈ ਮਹਰਮੁ ਨਾਹੀ ਸਰ ਦਾ
ਦਮੁ ਘੋੜੀ ਤੋਂ ਵਿਦਿਆ ਮੰਗਦਾ, ਲੋਕ ਜਾਣਨ ਇਹੁ ਮਰਦਾ
ਸਾਰੀ ਉਮਰਿ ਰਹਿਆ ਘਟਿ ਅੰਦਰ, ਅਜੇ ਮਹਿਰਮ ਨਾਹੀ ਘਰ ਦਾ ।੨।

੧੪. ਮਹਾਨੰਦ

ਜਿਥੈ ਅਸੀਂ ਤਿਥੈ ਜ਼ਉਕ ਹਮੇਸ਼ਾਂ, ਫੁਲਿ ਰਹੀਆਂ ਗੁਲਜ਼ਾਰਾਂ
ਸੋਗੁ ਵਿਜੋਗ ਤੈ ਛਡਿ ਦਿਤਾ ਮੈਂ, ਜਾਂ ਮੁਖ ਵੇਖਾਂ ਯਾਰਾਂ
ਅਠੇ ਪਹਰ ਬਸੰਤ ਅਸਾਡੈ, ਲੈਂਦੇ ਮੁਸ਼ਕ ਬਹਾਰਾਂ
ਮਹਾਨੰਦ ਮਿਲਿਕੈ ਪਿਠ ਨ ਦਿੰਦੇ, ਸਦ ਰਹਮਤਿ ਤਿਨਾ ਯਾਰਾਂ ।੧।

ਇਸੁ ਮਨ ਕਉ ਕਿਤਨੁਕੁ ਸਮਝਾਈਐ, ਕਹੈ ਨ ਲਗਦਾ ਮੇਰੇ
ਅਜਰਾਈਲੁ ਖੜਾ ਸਿਰਿ ਉਪਰਿ, ਨਿਤ ਚਲਾਵੈ ਪੇੜੇ
ਗਉਸਾਂ ਕੁਤਬਾਂ ਤੈ ਵਲੀਆਹਾ, ਇਨਾ ਝੇੜੇ ਛੇੜੇ
ਮਹਾਨੰਦ ਸੁਖੁ ਕਿਉਂ ਕਰ ਸਵੀਐ, ਜਾਂ ਕਾਲੁ ਸਿਰੂੰ ਦੀ ਝੇੜਿ ।੨।

੧੫. ਗਿਆਨਾਨੰਦ

ਹੋਇ ਕਨ੍ਹਈਆ ਬੇਨ ਬਜਾਵਾਂ, ਗੁਆਰਨਿ ਸਗਲ ਬੁਲਾਵਾਂ
ਬਿੰਦ੍ਰਾਬਨ ਮੈਂ ਕੁੰਜ ਭਵਨ ਮੈਂ, ਮੰਡਲ ਰਾਸ ਬਣਾਵਾਂ
ਜਿਉਂ ਭਾਵੈ ਤਿਉਂ ਖੇਲੈ ਉਨ ਸੰਗ, ਮੈਂ ਸਭਸੋ ਆਪਿ ਲੁਟਾਵਾਂ
ਗਿਆਨਾਨੰਦ ਭਜਨ ਦਾ ਰਸੁ ਸਿਮਰਨੁ, ਮੈਂ ਕਾਨ੍ਹ ਹੋਇ ਪਛਤਾਵਾਂ ।੧।

ਕ੍ਰਿਸ਼ਨ ਸਰੂਪ ਨਿਹਾਰੇ ਬਾਝਹੁ, ਮੈਂ ਬਿਆਕਲ ਹੋਇ ਹੋਇ ਰੋਵਾਂ
ਭੰਭਲ ਭੂਸੇ ਮੈਂ ਖਾਂਦੀ ਵਤਾਂ, ਉਰਿ ਹੰਝੂ ਹਾਰੁ ਪਰੋਵਾਂ
ਇਕੁ ਘੜੀ ਪਲੁ ਨਜ਼ਰਿ ਨ ਆਵੈ, ਮੈਂ ਸੁਖ ਨ ਸੇਜੈ ਸੋਵਾਂ
ਗਿਆਨਾਨੰਦ ਵਿਛੋੜਾ ਡਾਢਾ, ਮੈਂ ਆਪ ਕਨ੍ਹਈਆ ਹੋਵਾਂ ।੨।

ਆਸ਼ਕ ਦਾ ਦਿਲ ਰਾਜ਼ੀ ਰੱਖਣ, ਸੋ ਮਹਿਬੂਬ ਸਲਾਹੀ
ਖਿੜਿ ਖਿੜਿ ਪਵਨ ਯਾਰਾਂ ਕੈ ਅਗੈ, ਬੂਟੀ ਕਵਲ ਸਬਾਹੀ
ਮੇਰੇ ਦਿਲਿ ਵਿਚੁ ਆਸਣੁ ਕੀਤਾ, ਮੁੰਢਾ ਇਸ਼ਕ ਨਿਰਾਸਾ
ਰਤੀ ਰੱਤ ਨ ਛੋੜਿਆ ਤਨ ਤੈ, ਮਾਸੁ ਨ ਛੋੜਿਆ ਮਾਸਾ ।੩।

੧੬. ਸਾਈਂਦਾਸ

ਜੈਂਦੀ ਸਿਕ ਤਹੀਂ ਦਾ ਸਿੱਕਾ, ਹੋਰ ਸਿਕਾ ਫਿਕਾ ਲਗੈ
ਜੈਂਦਾ ਦਰਦੁ ਤਹੀਂ ਦਾ ਦਾਰੂ, ਹੋਰੁ ਦਾਰੂ ਕੋਇ ਨਾ ਲਗੈ
ਜੈਂਦਾ ਨਾਉ ਨੀਸਾਨੁ ਤਹੀਂਦਾ, ਵਜਿ ਰਹਿਆ ਵਿਚਿ ਜਗੈ
ਮਿਤ੍ਰਾਂ ਕੋਲਹੁ ਮੁਖੁ ਜੋ ਮੋੜਹਿ, ਸੇ ਦਰਗਹ ਮੂਲਿ ਨ ਤਗੈ ।੧।

ਜੇ ਕੋ ਹੋਵਣਹਾਰ ਮਿਟਾਵੈ, ਬਿਆਸ ਕਥਾ ਕਿਉਂ ਹੋਵੈ
ਜੇ ਕੋ ਹੋਵਣਹਾਰ ਮਿਟਾਵੈ; ਦਹਿਸਿਰ ਲੰਕ ਕਿਉਂ ਖੋਵੈ

ਜੇ ਕੋ ਹੋਵਣਹਾਰ ਮਿਟਾਵੈ; ਸੀਤਾ ਬਨਮਹਿੰ ਕਿਉਂ ਰੋਵੈ
ਸਾਈਂਦਾਸ ਪ੍ਰਭ ਹੋਣੀ ਹੋਸੀ, ਅਣਹੋਣੀ ਕਦੇ ਨਾ ਹੋਵੈ ।੨।

੧੭. ਗੋਕਲ

ਇਹੁ ਦਿਲੁ ਬੈਨਿ ਤਿਨਾ ਨੋ ਵਿਚੈ, ਜੋ ਹੋਇਨਿ ਦਿਲ ਦੇ ਬਰਦੇ
ਜਾਇ ਬਜ਼ਾਰ ਨਿਖਾਸ ਬਿਕਾਵਨ, ਅਰਜ਼ ਨ ਕਰਦੇ ਡਰਦੇ
ਹਜ਼ੁ ਨਿਗਾਹੁ ਬਰਾਬਹਿ ਰੱਖਨਿ, ਲਖ ਲਖ ਸਿਜਦੇ ਧਰਦੇ
ਭਿਸਤਉਂ ਘਤਿ ਸਿਟਨਿ ਵਿਚ ਦੋਜ਼ਕ, ਤੈ ਦੋਜ਼ਕ ਨੋ ਲੈ ਤਰਦੇ ।੧।

ਰੋਹੁ ਪਾਸ ਡੇਰੇ ਯਾਰਾਂ ਦੇ, ਕਿਤੁ ਪਥਰਿ ਜਾਨਿ ਪਿਆਸੇ
ਅਰਜਨੁ ਭੀਮੁ ਮਹਾਂਬਲੀ ਜੋਧੇ, ਤੇ ਭੀ ਕਾਮ ਗਿਰਾਸੇ
ਲਖਘੋੜਿਆਂ ਦਾ ਮਨਸਬ ਖਾਂਦੇ, ਤੇ ਭੀ ਗਏ ਨਿਰਾਸੇ
ਗੋਕਲ ਮੜੀਆਂ ਸਡੁ ਨ ਦੇਵਨਿ, ਕੋ ਕਚੜੇ ਕੋਟ ਮਵਾਸੇ।੨।

ਮੁਇਆਂ ਦੇ ਨਾਲਿ ਨ ਮਰਦਾ ਕੋਈ, ਦੇਹੀ ਹੀ ਛਡਿ ਜਾਂਦੇ
ਖੁਲ੍ਹੀਂ ਵਾਲੀਂ ਤੇ ਡੁਲ੍ਹੀ ਨੈਣਾਂ, ਵੇਖ ਇਹੁ ਕੁਰਲਾਂਦੇ
ਅਹਦ ਬਜ਼ਾਰ ਥੀਵਾਂ ਸਉਦਾਗੁਰ, ਜੇ ਹੋਵਨ ਮੁਲ ਵਿਕਾਂਦੇ
ਅਜਰਾਈਲਿ ਦੇ ਬਾਣ ਜਿ ਗੋਕੁਲ, ਅਜੇ ਸੁ ਘਾਉ ਰਿਮਾਂਦੇ ।੩।

੧੮. ਬਿੰਦ੍ਰਾ

ਅੱਖੀਂ ਵੇਖਿ ਅੱਖੀ ਖੁਸ਼ ਥੀਵਨਿ, ਕਾਈ ਸੂਰਤਿ ਸਾਲ ਮਿਤ੍ਰਾਂ ਦੀ
ਤਨ ਵਿਚ ਤਾਗਤਿ ਰਹੀ ਨ ਭੋਰਾ; ਮੈਂ ਕੂਕੀ ਨਾ ਸ਼ਰਮਾਂਦੀ
ਕਰਕ ਕਲੇਜੇ ਨੂੰ ਨਿਤ ਖਾਵੈ, ਅਗੂੰ ਵਾਟ ਦੁਖਾਂ ਦੀ
ਦੇਵੇ ਕਉਣ ਸਨੇਹੇ ਬਿੰਦ੍ਰਾ, ਦੂਰਿ ਸੁਣੀਂਦੀ ਕਾਂਦੀ ।੧।

੧੯. ਬਾਲਮੀਕ

ਬ੍ਰਿਜ ਗਲੀਆਂ ਮੈਂ ਫਿਰਾਂ ਢੂੰਡੇਦੀ, ਹਰਿ ਦਰਸ਼ਨ ਕੀ ਲੀਤੀ
ਆਪ ਜਾਇ ਹਰਿ ਕੁਬਜਾ ਸੰਗਿ ਰਚਿਓ, ਮੈਂ ਸੰਗਿ ਗੁਆਲਾ ਦੈ ਕੀਤੀ
ਜੰਗਲਿ ਜੰਗਲਿ ਫਿਰਾਂ ਢੂੰਡੇਂਦੀ, ਇਸ਼ਕ ਨਈਏ ਦੀ ਲੀਤੀ
ਬਾਲਮੀਕ ਕਾਂਧੇ ਪਰ ਕਾ ਲੀ, ਮੈਂ ਕਮਲੈ ਕਮਲੀ ਕੀਤੀ ।੧।

ਵੇਖਹੁ ਨੀ ਕਾਨ੍ਹ, ਰੁੜ੍ਹਾ ਵੈਂਦਾ, ਸੈ ਤੈ ਕਿਤੈ ਹਥਿ ਨ ਆਵੈ
ਗਲਿ ਵਿਚਿ ਪਲੂ ਅਤੈ ਦਸਤੁ ਪੈਰ ਤੈ,ਲੈ ਲੈ ਰਹੀ ਕਲਾਵੈ
ਮੋਹਿ ਲੀਤਾ ਦਿਲੁ ਦੇਹਿ ਅਸਾਡਾ, ਜਾਹਿ ਜਿਥੈ ਤਉ ਭਾਵੈ
ਉਡਰਿ ਹੰਸ ਗਇਆ ਦੁਰਾਡੈ, ਮੈਂ ਮੁਈ ਵੇਖਣਿ ਦੇ ਹਾਵੈ ।੨।

ਸਹੀ ਸਲਾਮਤਿ ਅੰਗਣ ਵੇੜ੍ਹਾ, ਸਹੀ ਸਲਾਮਤਿ ਜਾਈ
ਸਹੀ ਸਲਾਮਤਿ ਲੇਫ ਨਿਹਾਲੀ, ਸੁਤੀ ਸੀਸਹੁ ਨਾਹੀ
ਅੰਗਣਿ ਵੜਦੀ ਕਉਲੀ ਲਗਦੀ,ਭਰਿ ਭਰਿ ਰੋਂਦੀ ਆਹੀਂ
ਬਾਲਮੀਕ ਕੋਈ ਡੁਖੀਆ ਜੀਆ, ਨਿਕਲ ਵੈਂਦਾ ਨਾਹੀ ।੩।

ਤੇਲਾਂ ਬਾਝ ਨ ਬਲਨਿ ਮਸਾਲਾਂ, ਤੇੜੀ ਕਾਠਾਂ ਬਾਝ ਨ ਭਾਹੀ
ਡੁਖਾਂ ਬਾਝੁ ਨ ਆਵੈ ਰੋਵਣੁ, ਸੂਲਾਂ ਬਾਝੁ ਨਾ ਆਹੀ
ਵਿਛੜਿ ਯਾਰ ਜਿਨ੍ਹਾਂ ਦੇ ਚਲੇ, ਤਿਨਾਂ ਨੂੰ ਸੂਲ ਤਿਦਾਹੀ ।੪।

ਚੁਪ ਕਰਾਂ ਦਿਲ ਅੰਦਰ ਵਸਨਿ,ਜਾਂ ਬੋਲਾਂ ਦਮ ਮਾਹੀਂ
ਬੈਠ ਰਹਾਂ ਤਾਂ ਨਾਲਿ ਬੈਠਨਿ, ਪੰਧ ਜੁਲਾਂ ਤਾਂ ਰਾਹੀਂ
ਜਾ ਸੋਵਾਂ ਸੁਪਨੇ ਵਿਚ ਹਾਜ਼ਰੁ, ਜਾ ਜਾਗਾਂ ਤਾਂ ਆਹੀ
ਬਾਲਮੀਕ ਕੋਈ ਸਿਹਰੁ ਕਿਤੋਈ, ਪਲਕੁ ਵਿਸਰਦੇ ਨਾਹੀ ।੫।

੨੦. ਸਿਆਮ

ਜਿਸ ਮਜਲਸਿ ਬਦਨਾਵੀਂ ਆਵੈ, ਤਿਸੁ ਮਜਲਸਿ ਨ ਜਾਈਐ
ਨਾਲ ਕੁਸੰਗੀ ਦੇ ਸੰਗ ਨ ਕਰੀਐ, ਕੁਲ ਨੂੰ ਲਾਜ ਨ ਲਾਈਐ
ਹੋਛੇ ਨਾਲਿ ਪ੍ਰੀਤਿ ਨ ਕਰੀਐ, ਜਾਤੀ ਜਨਮ ਗਵਾਈਐ
ਕਹੈ ਸਿਆਮ ਸਾਧਾਂ ਦੀ ਸੰਗਤ, ਹਰਿ ਹੀਲੇ ਸੁਖ ਪਾਈਐ ।੧।

੨੧. ਵਲੀ ਰਾਮ

ਜਾਂ ਮੈਂ ਪੈਧਾ ਪ੍ਰੇਮ ਪਟੋਲਾ, ਤਾ ਮੁਖਿ ਲੱਥੀ ਲੋਈ
ਅਖੀਆਂ ਅਗੈ ਆਇ ਖਲੋਤੀ, ਸੂਰਤ ਸਯਾਮ ਸਲੋਈ
ਅੰਦਰ ਬਾਹਰ ਮੈਂਡੇ ਸਿਆਮ ਰਵਿਆ, ਮੈਂ ਸਿਆਮ ਮਈ ਸਭ ਹੋਈ
ਵਲੀਰਾਮ ਮੈਂ ਸਿਆਮ ਹੋਇ ਨਿਬੜੀ, ਮੈਨੂੰ ਸਯਾਮ ਕਹੈ ਸਭ ਕੋਈ ।੧।

ਜੇ ਜਾਣਾ ਤੂੰ ਇਵੇ ਹੀ ਜੰਮੇ, ਕਾਹੇ ਮੈਂ ਤੈਨੂੰ ਜਣਿਆ
ਅਗੈ ਤਿੰਜਣ ਖੇੜਿਆਂ ਦੇ ਜਾਣਾ, ਜਿਥੇ ਪਾਣੀ ਪਾਂਦੀਆਂ ਪੁਣਿਆ
ਉਨੋਂ ਝੋਨਾ ਕਦੇ ਨ ਥੀਵੈ, ਜੇ ਸੈ ਉਸਤਾਦਾਂ ਵੁਣਿਆ
ਚਾਰ ਮਜ਼ਬ ਤੇ ਚਾਰ ਕਿਤਾਬਾਂ, ਇਸ਼ਕ ਨ ਡਿਠਾ ਸੁਣਿਆ ।੨।

ਅਨੀ ਗਲੁ ਛਪਦੀ ਭਿ ਨਾਹੀ, ਕਿਚਰਕੁ ਆਪ ਛਿਪਾਹੀ
ਸਿਕਣ ਛਪੈ ਕਿ ਤਪਣਿ ਛਪੈ, ਹੰਝੂ ਛਪਨਿ ਕਿ ਆਹੀਂ
ਇਸ਼ਕ ਮਤੇ ਦੀਆਂ ਛਪਿਣ ਨ ਚਾਲਾਂ, ਰੂੰ ਨ ਛਪੰਦੀ ਭਾਹੀਂ
ਵਲੀਰਾਮ ਦੀ ਪ੍ਰੀਤਿ ਅਵੇਹੀ, ਜੈ ਕੂੰ ਲਗਗੁ ਜਾਣਗੁ ਤਾਹੀਂ ।੩।

੨੨. ਤੇਜਭਾਨ

ਜਿਉਂ ਜਿਉਂ ਹਾਲ ਹਕੀਕਤਿ ਆਖਾਂ, ਤਿਉਂ ਤਿਉਂ ਜਾਹਿ ਪਰੇਰਾ
ਇਕ ਲੋਕਾਂ ਦੀ ਬਦਨਾਵੀਂ ਸਾੜੇ, ਬਿਆ ਜਗ ਉਲ੍ਹਾਮਾ ਤੇਰਾ

ਮੇਰਾ ਕਾਨ੍ਹ ਇਆਨਾ ਕੁਝ ਨ ਜਾਣੈਂ, ਤੁਸੀਂ ਗੁਆਰਨੀਆਂ ਮਦ ਮਾਤੀ
ਜੇ ਤੁਸਾਂ ਲਹਿਰ ਜੋਬਨ ਦੀ ਉਠੀ, ਤਾਂ ਜਾਇ ਮਿਲੋ ਦ੍ਰੁਮ ਛਾਤੀ
ਲੋਕ ਬੇਦ ਦੀ ਲਾਜਾਂ ਛੋੜੀ, ਇਸ਼ਕ ਤੁਸਾਡੀ ਅਹੀਰਾਂ ਦੀ ਜਾਤੀ
ਦੇਵਾ ਜਸੁਧਾ ਤਪਤ ਉਠੀ ਮੁਖ,ਘਰਿ ਜਾਂਹੁ ਗੁਆਰ ! ਚੁਪਾਤੀ ।੭।

੨੪ .ਭਗਵਾਨ

ਨੰਦ ਦਾ ਨੰਦਨ ਨੇਹੁ ਨਿਬਾਹੂ, ਤਿਸ ਨਾਲੇ ਪ੍ਰੀਤਿ ਨ ਲਾਈ
ਹਰਿ ਹੀਰਾ ਤਜਿ ਕੰਚਨੁ ਬਾਝਉ, ਤਿਸਨੂੰ ਮਤਿ ਨ ਕਾਈ
ਦੁਖਾਂ ਦੇ ਚੁਹਲੇ ਵਿਚਿ ਫਾਥਾ, ਵਿਸਰਿਆ ਸੁਖਦਾਈ
ਕਹੈ ਭਗਵਾਨ ਸੇ ਸੇ ਵਡਭਾਗਣ, ਜਿਸ ਕਾ ਮਿਤ੍ਰ ਕਨ੍ਹਾਈ ।੧।

ਨਦੀ ਕਿਨਾਰੇ ਝਿਲਮਲ ਤਾਰੇ, ਚੰਦ ਚਾਨਣੀ ਛਾਈ
ਬਿੰਦ੍ਰਾਬਨ ਦੇ ਮੰਦਰ ਉਪਰਿ, ਮੁਰਲੀ ਕਾਨ੍ਹ ਵਜਾਈ
ਇਨ ਮੁਰਲੀ ਸੁਰ ਨਰ ਸਭ ਮੋਹੇ, ਗੋਪੀ ਸੁਧ ਵਿਸਰਾਈ
ਕਹੈ ਭਗਵਾਨ ਹਰਿ ਰਾਸਿ ਰਚੇ, ਮੈਂਡੀ ਜਿੰਦ ਤਮਾਸ਼ੇ ਆਈ ।੨।

ਹਰਿਰਸ ਮਤੀ ਮਥੈ ਰਤੀ, ਹਰਿਰਸ ਭੀਨਾ ਸੀਨਾ
ਹਰਿ ਗੁਨ ਗਹਣਾ ਅਡੀ ਚੋਟੀ, ਹਿਰਦੈ ਨਾਮ ਖਜ਼ੀਨਾ
ਮੋਹਨ ਦਾ ਮੁਖਿ ਵੇਖ ਨਵਲਅਲ, ਸੋਹੈ ਨੇਹੁ ਨਗੀਨਾ
ਕਹੈ ਭਗਵਾਨ ਮਨ ਆਸ਼ਕ ਹੋਇਆ, ਮਨਮੋਹਨ ਦਾਨਾ ਬੀਨਾ ।੩।

੨੫. ਮਹਾਂ ਸਿੰਘ

ਸਿਆਮ ਬਿਨਾ ਊਧੋ ! ਐਸੇ ਭਈ ਮੈਂ, ਜਿਉਂ ਮਛਲੀ ਬਿਨ ਪਾਨੀ
ਤੱਤੇ ਰੇਤੇ ਪਈਆਂ ਤੜਫਾਂ, ਬੇਦਨ ਕਿਸੇ ਨ ਜਾਨੀ

ਕੁੱਠੀ ਦਰਦ ਫਿਰਾਕਤ ਵਾਲੀ, ਦੇਹੀ ਦਰਦ ਰੰਜਾਣੀ
ਮਹਾਂ ਸਿੰਘ ਸਾਡਾ ਜੀਵਨ ਤਾਂਹੀ, ਮਿਲਸੀ ਸਾਰੰਗਪਾਣੀ ।੧।

੨੬. ਸੂਰਦਾਸ

ਵਾਏ ਨੀ ! ਤੂੰ ਵਗ ਸਵੇਲੇ, ਛਮ ਛਮ ਵਗਦੀ ਜਾਈਂ
ਜੋ ਕਛੁ ਹਾਲ ਅਸਾਡਾ ਦੇਖਿਆ, ਪਿਆਰੇ ਨੂੰ ਆਖ ਸੁਣਾਈਂ
ਸਾਡੇ ਵਲੋਂ ਤੂੰ ਮਿੰਨਤ ਕਰਕੇ, ਗਲ ਵਿਚ ਪਲੜਾ ਪਾਈਂ
'ਸੂਰਦਾਸ ਪ੍ਰਭੁ ਰੋਂਦੀ ਨੂੰ ਛਡ ਗਏ,' ਇਹ ਗੱਲ ਆਖ ਸੁਣਾਈਂ ।੧।

੨੭. ਮੱਯਾਰਾਮ

ਮਾਏ ਨੀ ! ਮੈਂ ਰਹਾਂ ਕੁਆਰੀ, ਬਾਂਦੀ ਕੀ ਸੁਖ ਪਾਇਆ
ਸੋਨਾ ਦੇ ਕੇ ਲਾਲ ਵਿਹਾਜਿਆ, ਤਾਂਬਾ ਨਿਕਲ ਆਇਆ
ਖੁਲ੍ਹੇ ਕੇਸ ਗਲੇ ਵਿਚ ਮੇਰੇ, ਜੋ ਲਿਖਿਆ ਸੋ ਪਾਇਆ
ਮਯਾਰਾਮ ਜਦ ਤੋਂ ਸਾਥੋਂ ਵਿਛੜੇ, ਤਦ ਤੋਂ ਯੋਗ ਕਮਾਇਆ ।੧।

ਮਾਏ ਨੀ ਸੁਣ ਮੇਰੀਏ ਮਾਏ, ਆ ਪਿਆ ਸਿਰਿ ਭਾਰੇ
ਲੋਕ ਜਾਣਤ ਹਥ ਮਹਿੰਦੀ ਰੰਗਲੀ, ਲਹੂ ਭਿੰਨੇ ਹਥ ਸਾਰੇ
ਮਾਰਾਂ ਲੱਤ ਬੁਝਾਵਾਂ ਬੱਤੀ, ਅੱਗ ਲਾਵਾਂ ਇਸ ਖਾਰੇ ਸ਼ਗਨਾਂ ਵਾਲੇ
ਜਿਨ੍ਹਾਂ ਦੇ ਨਾਲ ਮੁਹੱਬਤ ਸਾਡੀ, ਲੱਦ ਚਲੇ ਵਣਜਾਰੇ ।੨।

ਮਾਏ ਨੀ ਸੁਣ ਮੇਰੀਏ ਮਾਏ ! ਕੀ ਤਦਬੀਰਾਂ ਕਰੀਏ
ਯੋਗਣ ਬਣ ਨ ਮਿਲਿਆ ਸਾਂਵਰਾ, ਕੇਹੜਾ ਪੰਥ ਹੁਣ ਫੜੀਏ
ਜਾ ਤਪ ਕਰੀਏ ਮਾਧੋ ਬਨ ਮੇਂ, ਵਹਾਂ ਸਾਂਵਰਾ ਬਰੀਏ
ਮਯਾ ਰਾਮ ਸਾਡਾ ਜੀਵਨ ਤਾਹੀਂ, ਜਾਂ ਜਮਨਾ ਡੁਬ ਮਰੀਏ ।੩।

ਸਿਰ ਧਰ ਮਟਕੀ ਜਾਨੀਆਂ ਲਟਕੀ, ਸਿਆਮ ਮਿਲਿਆ ਮੈਨੂੰ ਖਿਲਦਾ
ਸਾਂਵਲ ਕੋਲੋਂ ਨੈਣ ਛਿਪਾਏ, ਉਸ ਡੇਰਾ ਮੱਲਿਆ ਦਿਲ ਦਾ
ਸਾਂਵਲ ਮੈਂਡਾ ਮੈਂ ਸਾਂਵਲ ਦੀ, ਫਰਕ ਨ ਰਹਿਆ ਵਿਚ ਤਿਲ ਦਾ
ਲਖ ਗੁਆਰ ਪਈ ਝਖ ਮਾਰੇ, ਦਿਲ ਦਿਤਿਆਂ ਤੇ ਦਿਲ ਮਿਲਦਾ ।੪।

੨੯. ਭਾਵਨ

ਹਟੀ ਨਾਉ ਹਟਨ ਦਾ ਕਹੀਐ, ਫਿਰ ਫਿਰ ਬਉਰਾ ਫਾਸੇ
ਅਗੈ ਪੈਂਡਾ ਸਾਫ ਲੁੜੀਂਦਾ, ਤੁਧ ਕੀਤੇ ਕੰਮ ਨਿਰਾਸੇ
ਆਸ ਪਾਸ ਸਭ ਲੁੜਦੀ ਵੈਂਦੀ, ਤੂੰ ਬੁਠੋਂ ਕਿਤ ਭਰਵਾਸੇ
ਮਨੂਆ ਏਹੁ ਵੇਲਾ ਤੈਨੂੰ ਹੱਥੁ ਨ ਆਵੇ, ਆਖਰ ਪਛੋਤਾਸੇਂ ।੧।

ਜੇਤੀ ਠਾਕੁਰ ਦੇਵੇ ਪ੍ਰਭੁਤਾ, ਤੇਤਿਆਂ ਝੁਕਿਆਂ ਰਹੀਐ
ਦੀਨ ਗਰੀਬੀ ਤੇ ਜਗ ਦੀਬੀ, ਇਹਾ ਸਿਖਾਵਣ ਲਹੀਐ
ਨਿਸ ਬਾਸਰ ਏਹੀ ਬ੍ਰਤ ਧਾਰੋ, ਰਾਮ ਨਾਮ ਮੁਖ ਕਹੀਐ
ਧਨ ਸੇਤੀ ਚਿਤ ਲਾਇ ਨ ਭਾਵਨ, ਜੇ ਆਪਨਾ ਸੁਖ ਚਹੀਐ ।੨।

ਜਿ ਸੁਖ ਚਾਹੇਂ ਚਿਤੁ ਅਨਤੁ ਨ ਲਾਏ, ਤੇ ਸਟ ਸੀਸ ਝੁਕਿ ਆਵੀਂ
ਸੁਆਦਾਂ ਦੇ ਵਿਚ ਮਨੁ ਨ ਦੇਵੈ; ਤੇਤੇ ਅੰਮ੍ਰਿਤ ਭੋਗ ਭੁਗਾਵੀਂ
ਅੰਮ੍ਰਿਤ ਨਾਮੁ ਪੀਵੈ ਨਿਸਬਾਸੁਰ, ਤੇ ਕਦੇ ਖੁਮਾਰ ਨ ਜਾਵੀਂ
ਜਿਉ ਵਿਚ ਲੀਨਾ ਥੀਂਦੇ ਰੇ ਭਾਵਨ; ਤਾਂ ਪ੍ਰਭਤਾ ਚਰਨ ਝੁਲਾਵੀਂ ।੩।

ਚਰਨਾਂ ਨਾਲ ਝੁਲਾਂ ਪ੍ਰਭਾਤੀ, ਤਾਂ ਭੀ ਦੇਖ ਨ ਭੂਲੇ
ਫੂਲ ਰਹੇ ਹਰਿ ਨਾਮੁ ਅਘਾਏ; ਤੁਰੀਆ ਸਭੇ ਝੂਲੇ
ਤ੍ਰਈ ਲੋਕਾਂ ਦਾ ਰਾਜ ਚਹੀਂਦੀ; ਤਾਂ ਭੀ ਦੇਖਿ ਨ ਭੂਲੇ
ਬੇਮੁਖ ਨਾਲ ਮੁਹੱਬਤ ਨ ਭਾਵਨ; ਹਰਿ ਰਸੀਐ ਨਾਲ ਘੂਲੇ ।੪।

ਜੇਹਾ ਨਾਉ ਲਾਇਓ ਸਿਰ ਮੈਂਡੇ; ਤੇਹਾ ਦੇਵੇਂ ਪੱਲੇ
ਕੱਜੀ ਰਖੇਂ ਜੇ ਤੁਧ ਭਾਵੇ; ਸੱਟ ਨ ਅਪਨੇ ਝਲੋਂ
ਮੈਂ ਵਿਚ ਲਲੁ ਨ ਲੱਖਣ ਕੋਈ; ਮੈਂ ਕੋੜੀ ਅਲਪਲੱਲੋਂ
ਅਪਣਾ ਬਿਰਦ ਵਿਚਾਰੀ ਭਾਵਨ, ਮੈਂ ਘੁਸਾਂ ਸਭਨਾ ਗੱਲੋਂ ।੫।

੨੯. ਫਾਜ਼ਲ

ਹਰਗਿਜ਼ ਰਬੁ ਨ ਮਿਲਿਆ ਤਿਨ੍ਹਾ ਨੋ, ਜਿਨ੍ਹਾ ਤ੍ਰੁੱਟੀ ਚਰ੍ਹੁੜ ਨ ਕੀਤੀ
ਜੋ ਪਾਕੀ ਬਿਨ ਦਰਦ ਮਾਹੀ ਦੇ, ਸੋ ਪਾਕੀ ਜਾਂਣੁ ਪਲੀਤੀ
ਇਕ ਬੁਤਖਾਨੇ ਵਾਸਿਲ ਥੀਏ, ਇਕ ਬੈਠੇ ਜਾਇ ਮਸੀਤੀਂ
ਫਾਜ਼ਲ ਜੋ ਸਿਰ ਡੇਂਦਿਆਂ ਢਿਲ ਨ ਕਰਨੀ, ਪ੍ਰੇਮ ਬਾਜ਼ੀ ਤਿਨ ਜਾਤੀ ।੧।

ਖਾਲ ਕ ਇਕ ਰਾਜ਼ਕ ਭਿ ਇਕੋ, ਇਕੋ ਉਭੇ ਤਾਂ ਲੰਮੇ
ਤਿਸ ਦਾ ਕੀਤਾ ਮੇਟਣ ਵਾਲਾ, ਨ ਜਾਇਆ ਨ ਜੰਮੇ
ਜਾਂ ਥੀਂ ਰਚੀ ਨ ਮੁੜਸੀ ਹਰਗਿਜ਼, ਕਿਉਂ ਆਹਰ ਕਰੇਂ ਨਿਕੰਮੇ
ਫਾਜ਼ਲ ਹਰਗਿਜ਼ ਮਿਲਸੀ ਸੋਈ, ਜੋ ਲਿਖਿਆ ਲੋਹ ਕਲੰਮੇ ।੨।

ਜੋ ਕੁਝ ਲੋਹ ਕਲਮ ਵਿਚ ਲਿਖਿਆ, ਅਲਬਤ ਥੀਸੀ ਉਹੋ
ਵੇਖ ਚੱਕੀਆਂ ਤਾਹਿ ਕੋ ਪਾਥਰ, ਆਹਿਨ ਇਕਸੇ ਰੋਹੋ
ਤਲਵੇਂ ਘਟ ਨ ਉਤਵੇ ਕੋ ਗੁਣ, ਈਵੇ ਖਸਾ ਤੁਝੋਹੋ
ਕਿਸਮਤ ਥੀਂ ਵਸ ਢੂੰਢਣ ਫਾਜ਼ਲ, ਪਿਛੇ ਲਾਵਣ ਰੋਹੋ ।੩।

੩੦. ਵਜੀਦ

ਕਰ ਲੈ ਅੱਜ ਥੀਵੀ ਕੱਲ ਏਹਾ, ਮਤਾਂ ਅੱਜ ਭਿ ਹੱਥ ਨ ਆਵੀ
ਰੋਈ ਫਿਕਰ ਅੰਦੇਸਾ ਰੱਖ ਨ ਦਿਲ ਵਿਚ, ਸਾਈਂ ਸਾਫੀ ਭਾਵੀ

ਰੁਤ ਨ ਥਿਤ ਨ ਵਾਰ ਖਿਆਲੇਂ, ਅੱਚਾਨਕ ਜਮ ਆਵੀ
ਬਜੀਦਾ ਦਮ ਦਾ ਕਿਆ ਭਰਵਾਸਾ, ਸੁਤਿਆਂ ਤੋੜ ਸਿਧਾਵੀ। ੧।

੩੧. ਕਾਸਮ

ਜੇ ਜੀਵਨ ਜਗ ਚਾਰ ਦਿਹਾੜੇ, ਤੂੰ ਭੀ ਸਾਰ ਕਿਦਾਹੀਂ
ਮੌਤ ਨਗਾਰਾ ਕੰਨ ਪਵੰਦਾ, ਨਿਤ ਹੀ ਸੰਝ ਸਬਾਹੀਂ
ਅਣਚੇਤਿਆਂ ਮਤ ਆਣ ਦੱਬਈ, ਫਿਰ ਰੋਸੀ ਭਰ ਆਹੀਂ
ਕਾਸਮ ਸੌਦਾ ਦਸਤਬ-ਦਸਤੀ, ਇਥੇ ਰਹਿਣ ਕਿਸੇ ਦਾ ਨਾਹੀਂ ।੧।

੩੨. ਬਖਸ਼

ਸਿੱਕਣ ਸਾੜੀਂ ਭੀ ਸਿੱਕਣ ਭਾਵੇ, ਬਿਨ ਸਿਕਿਆਂ ਸੁਖ ਨਾਹੀਂ
ਜੈਕੂੰ ਸਿਕਣ ਸਾਉ ਤਹੀ ਕੂੰ, ਬਿਆ ਕੂੜ ਭਰੇਂਦੀਆਂ ਆਹੀਂ
ਸਿੱਕ ਵਿਖਾਲੇ ਦਰ ਦਿਲਬਰ ਦਾ, ਸਿੱਕ ਰਲੇ ਘਟ ਮਾਹੀਂ
ਬਖਸ਼ਾ ਜੋ ਸਿਕ ਦੋਸਤ ਮਿਲਾਵੇ, ਸਾ ਹੌਵਮ ਸੰਝ ਸਬਾਹੀਂ ।੧।

ਸਿਕ ਟਿੰਡਾਣੀ ਦਰਦਵੰਦਾਂ ਦੇ, ਨਾਲਿ ਰਲੇ ਥੀਂ ਸੋਹੀਂ
ਮੀਂਝ ਭੇਤੁ ਥੀ ਬਿਰਹੁ ਜਗਾਏ, ਮੈਥਹੁ ਜਾਇ ਅਰੋਹੀਂ
ਸਿੱਕ ਦਿਖਾਲੇ ਦਰ ਦਿਲਬਰ ਦਾ, ਸਿਕ ਮਿਲੇ ਵੰਞਿ ਰੋਹੀਂ
ਸਿਕਣੁ ਵਸਤੁ ਇਜੇਹੀ ਬਖ਼ਸ਼ਾ, ਜੇ ਕਰੇ ਮੁਕਾਬਲ ਦੋਹੀਂ ।੨।

੩੩. ਬਨਵਾਰੀ

ਕਿਆ ਅਉਗਣ ਜਾਂ ਆਦਰ ਤੇਰਾ, ਕਿਆ ਪਾਪ ਜੇ ਪਲਕ ਨਿਹਾਰੇਂ
ਕਿਆ ਕਹੁ ਕਰਮ ਕਰੇਂ ਜੇ ਕਰਨਾ, ਕਿਆ ਭਰਮ ਭੋਰੀ ਵਲ ਸਾਰੇਂ

ਕਿਆ ਹੈ ਚੂਕ ਜੋ ਚਿਤ ਧਰ ਸੁਨ ਹੈਂ, ਕਿਆ ਦੇਖ ਦਇਆ ਰਿਦ ਧਾਰੇਂ
ਬਨਵਾਰੀ ਪ੍ਰਭੁ ਲੇਖਾ ਕੇਹਾ, ਜੇ ਤੂੰ ਅਪਣਾ ਕਰ ਨਿਸਤਾਰੇਂ ।੧।

੩੪. ਜਹਾਂਗੀਰੀ

ਨੇਹੀਆਂ ਨਿਤ ਮੁਬਾਰਕ ਸ਼ਾਦੀ, ਸਦ ਘਾਲ ਸੂਲਾਂ ਦੀ ਘਾਲਣ
ਉਮਰ ਹਯਾਤ ਨ ਚਾਹਣ ਖੁਸ਼ੀਆਂ, ਮਿਤ੍ਰ ਦਰਦ ਹੱਡਾਂ ਵਿਚ ਜਾਲਣ
ਘਾਲਣ ਪਾਲਣ ਲੱਜ ਇਸ਼ਕ ਦੀ, ਮਿਤ੍ਰਾਂ ਦੀ ਜ਼ੌਕ ਨ ਭਾਲਣ
ਜਹਾਂਗੀਰੀ ਮੁਸ਼ਤਾਕ ਦਰਦਾਂ ਦੇ, ਕੱਢ ਦਰਦ ਨ ਕਹੀਂ ਵਿਖਾਲਣ ।੧।

ਮੈ ਸੁਖ ਕਰੀਂ ਦਰਦਾਂ ਦਾ ਸਦਕਾ, ਜੋ ਦਰਦ ਮਿਤ੍ਰਾਂ ਦਾ ਆਵੈ
ਦਾਰੂ ਦਰਦ ਮਿਤ੍ਰਾਂ ਦਾ ਅੰਜਨ, ਮੇਰੀਆਂ ਅੱਖੀਆਂ ਵਿਚ ਸਮਾਵੈ
ਦਰਦਾਂ ਦੇਖ ਥੀਵੇ ਦਿਲ ਤਾਜ਼ਾ, ਜਿਵੇਂ ਆਬ ਫੁਲਾਂ ਨੇ ਭਾਵੈ
ਜਹਾਂਗੀਰੀ ਜਿਸ ਦਰਦ ਮਿਤ੍ਰਾਂ ਦੀ, ਸੋ ਦਰਦ ਨ ਦਿਲ ਥੀਂ ਜਾਵੈ ।੨।

੩੫. ਲਾਹੜਿ

ਜਨਮੁ ਸਰਾਪੁ ਲਗਾ ਦਸਰਤ ਨੂੰ, ਜਿਸ ਇਹੁ ਤਾਲ ਖਟਾਇਆ
ਅੰਧੁਲੀ ਅੰਧੁਲਾ ਅਧਿਕ ਪਿਆਸੇ, ਸਰਵਣ ਜਿਨੀਂ ਪਠਾਇਆ
ਲੇ ਕਰਿਮੰਡਲ ਜਲ ਵਿਚ ਬੋੜਿਆ, ਦਸਰਤਿ ਬਾਣੁ ਚਲਾਇਆ
ਲਾਹੜਿ ਜਤਨ ਕੀਤੇ ਬਹੁਤੇਰੇ, ਕਾਲੁ ਨ ਮਿਟੈ ਮਿਟਾਇਆ ।੧।

ਜਸਰਥ ਆਖੈ ਹਉ ਜੋਗੀ ਥੀਵਾਂ, ਜੇ ਸਰਵਣ ਫਿਰ ਜੀਵੈ
ਜਿਸ ਤਨਿ ਲਗੀ ਪਰੇਮ ਕਟਾਰੀ, ਪੀੜ ਤਿਸੇ ਤਨਿ ਥੀਵੈ

ਲਾਹਰਿ ਕੂੰਜ ਵਿਛੁੰਨੀ ਭਾਰਹੂੰ, ਸਹਜਿ ਨ ਪਾਣੀ ਪੀਵੈ
ਜੇ ਧਨ ਮੰਗਿਆ ਮਿਲਦਾ ਹੋਵੈ, ਨਿਰਧਨ ਕੋਇ ਨ ਥੀਵੈ
ਜੇ ਮਉਤ ਮੰਗੀ ਮਿਲੈ ਦਰਗਾਹੋਂ, ਤਾਂ ਦੁਖੀਆ ਕੋਈ ਨ ਜੀਵੈ ।੨।

੩੬. ਉਤਮ

ਪਲ ਵਿਚ ਛਾਈਂਮਾਈਂ ਹੋਸਣ, ਜੋ ਅਸਥਿਰ ਤਉ ਮੰਨੇ
ਦੇਹ ਦੇਹਾਦਿਕ ਮਾਲ ਖਜ਼ੀਨਾ, ਇਹ ਵਿਸਣ ਮਾਤ੍ਰ ਉਪੰਨੇ
ਸਭੇ ਅੱਤਾਂ ਦੀਆਂ ਰੋਥਾਂ ਆਹੀਆ, ਜਿਨ੍ਹਾਂ ਨੋ ਜਾਤੇ ਰੰਨੇ
ਸੁਖਾਂ ਨੂੰ ਵੇਖ ਪਾਸ ਮਿਲ ਬੈਠੇ, ਦੁਖ ਵੇਖ ਸਭੇਹੀ ਭੰਨੇ ।੧।

ਨ ਕਿਸੇ ਰੰਜ ਨ ਆਪ ਰੰਜੇਵੇਂ, ਜਾਲੇਂ ਜਫਰ ਜ਼ਹੀਰੀ
ਦੁਸ਼ਮਨ ਦੋਸਤ ਬਰਾਬਰ ਜਾਣੈਂ, ਮੇਹਰ ਬਰਾਬਰ ਮੀਰੀ
ਹਉਂਮੈ ਮਾਰਿ ਇਕਤੁ ਘਰਿ ਆਣੈਂ, ਖੁਸ਼ੀ ਅਤੇ ਦਿਲਗੀਰੀ
ਉਤਮ ਇਸ ਭਤ ਰਹਹਿੰ ਮੁਸੱਲਮ, ਤਡਾਂ ਪਾਏਂ ਖ਼ਾਸ ਫ਼ਕੀਰੀ ।੨।

੩੭. ਖ਼ੁਲਦੀ

ਬੰਦੇ ਨਾਲੋਂ ਰੁਖ ਚੰਗੇਰਾ, ਲਗ ਪਇਆ ਬਿਨ ਲਾਇਓਂ
ਵੀਮਾਂ ਖਾਏ ਫਲ ਖਵਾਏ, ਫਰਕ ਨ ਕਰਣਾ ਸਾਇਓਂ
ਲੱਕੜੀ ਉਸਦੀ ਸੈ ਕੰਮ ਆਵੈ, ਫਰਕ ਨਹੀਂ ਸਿਰ ਪਾਇਓਂ
ਮੀਆਂ ਖੁਲਦੀ ਦੱਸ ਮੁਇਆਂ ਜੀਵੰਦਿਆਂ, ਤੂੰ ਕਿਹੜੇ ਕੰਮ ਆਇਓਂ ।

੩੮. ਜਾਨ ਮੁਹੰਮਦ

ਲਾ ਲਿਬਾਸ ਫਿਰੇਂ ਵਿਚ ਗਲੀਆਂ, ਵਾਂਙੂ ਰੁਪਏ ਬੱਗੇ
ਖਰਾ ਖੋਟਾ ਤੂੰ ਤਾਂ ਪਰਖੀਵੇਂ, ਜਦ ਪਵੇਂ ਸਰਾਫ਼ਾਂ ਅੱਗੇ

ਧਰਨ ਨਜ਼ਰ ਪਰਖਣ ਤੈਨੂੰ, ਤਾਵਣ-ਚੋਟ ਮੂਹੋ ਮੂਹ ਲਗੇ
ਜਾਨ ਮੁਹੰਮਦ ਹੋ ਰਹੁ ਕਉਡੀ, ਤੈਨੂੰ ਵੱਟਾ ਕੋਇ ਨ ਲਗੇ ।੧।

੩੯. ਨਈਮ

ਆਸ਼ਕ ਤਡਾਂ ਸਦਾਵਣ ਜਗ ਵਿਚ, ਸਿਰ ਦੀ ਤਮਅ ਨ ਕਰੀਐ
ਲਹੇ ਵਸਾਲ ਪਿਆਰੇ ਦੀ, ਜੇ ਮਰਣ ਥੀਂ ਅਗੋ ਮਰੀਐ
ਸ਼ਹੁ ਥੀਂ ਖੂਬ ਨਾਹੀਂ ਮੂੰਹ ਫੇਰਣ, ਜਾਂ ਜਾਂ ਤਾਈਂ ਸਰੀਐ
ਮਿਲਣੁ ਨਈਮ ਜ਼ਰੂਰ ਥੀਓਸੀ, ਨੈਂ ਆਤਸ਼ ਦੀ ਤਰੀਐ ।੧।

੪੦. ਤੱਯਬ

ਰਾਂਝਣ ਝੋਕ ਵਿਹੀ ਉਥਾਹੀ, ਜਿਥੈ ਔਝੜ ਲੰਘ ਅਵੱਲੇ
ਮਿਲ ਮਿਲ ਸਹੀਆਂ ਕਰਨ ਸਲਾਹਾਂ, ਨਾਲਿ ਨ ਕਾਈ ਚਲੇ
ਦਰਦੋਂ ਘਾਉ ਜਿਨ੍ਹਾਂ ਨੋ ਨਾਹੀ, ਸੋ ਕੂੜੇ ਕਰਨ ਤਸੱਲੇ
ਤੱਯਬ ਖੁਸ਼ੀ ਖੇੜਿਆਂ ਦੀ ਕੋਲੋਂ, ਮੈਨੋ ਦਰਦ ਰਾਂਝਣ ਦੇ ਭਲੇ ।੧।

ਜਿਉਂ ਪੱਥਰ ਨ ਠੋਕਰ ਲੱਗੇ, ਕੋਰੜ ਮੋਠ ਨਤ੍ਰਾਈਂ
ਬੇ ਦਰਦ ਨੂੰ ਦਰਦ ਨ ਕਾਈ, ਕਿਆ ਮੂਰਖ ਨੂੰ ਸਮਝਾਈ
ਡੋਰੇ ਅੱਗੇ ਗੱਲ ਅਕਾਰਥ, ਕਿਆ ਗੂੰਗੇ ਗਾਇ ਸੁਨਾਈ
ਸੰਤਦਾਸ ਗੋਬਿੰਦ ਭਜਨ ਬਿਨ, ਜਾਸੀ ਉਮਰ ਵਿਹਾਈ ।੪੧।

ਜਿਤ ਵਲ ਤੂੰਹੀ ਤਿਤ ਵਲ ਅੱਖੀਂ, ਸੁਰਤ ਤਿਤੇ ਵਲ ਮੇਰੀ
ਖਲੀ ਉਡੀਕਾਂ ਤੈਨੂੰ ਮਿਤਾ ! ਕੋਈ ਦੇਵੇ ਖ਼ਬਰ ਚੰਗੇਰੀ
ਦਿਲ ਨੂੰ ਸਬਰ ਕਰਾਰ ਨਾ ਆਵੇ, ਜ਼ਾਲਮ ਬਿਰਹੋਂ ਕਟਾਰੀ ਫੇਰੀ
ਸੰਤਦਾਸ ਜੋ ਆਨ ਮਿਲਾਵੇ, ਮੈਂ ਹੋਵਾਂ ਤਿਸ ਚੇਰੀ ।੪੨।

ਅੱਖੀਂ ਰੰਗ ਰੰਗੀਲੇ ਰਤੀਆਂ, ਜਿਨ ਕਉ ਪ੍ਰੇਮ ਖ਼ੁਮਾਰੀ
ਜਿਸਦੀ ਕੈਫ ਨ ਉਤਰੇ ਕਬ ਹੀ, ਸਦਾ ਰਹੇ ਮਤਵਾਰੀ
ਪੋਸਤ ਭੰਗ ਅਫੀਮਾਂ ਕੋਲੋਂ, ਪ੍ਰੇਮ ਪਿਯਾਲਾ ਭਾਰੀ
ਸੰਤਦਾਸ ਜਦ ਦਿਲਬਰ ਮਿਲਿਆ, ਤਿਸ ਦਿਨ ਥੋਂ ਬਲਿਹਾਰੀ ।੪੩।

ਦਰਦ ਫ਼ਿਰਾਕ ਤੁਸਾਡੇ ਮਾਰੀ, ਵੇਦਨ ਕੋਇ ਨ ਜਾਣੇ
ਦਾਰੂ ਦਰਮਲ ਲਗਦਾ ਨਾਹੀਂ, ਪੁਛ ਪੁਛ ਰਹੇ ਸਿਆਣੇ
ਸਿਰ ਗਰਦਾਨ ਫਿਰਾਂ ਵਿਚ ਗਲੀਆਂ, ਹਾਸਾ ਤੇਰੇ ਭਾਣੇ
ਸੰਤਦਾਸ ਆਖੇ ਵੇਚਾਰਾ, ਦਿਲਬਰ ਦਸਤ ਵਿਕਾਣੇ ।੪੪।

ਮੁਖ ਤੋਂ ਆਖਣ ਇਸ਼ਕ ਸੁਖਾਲਾ, ਸੋ ਜਾਣੇ ਜਿਨੀਂ ਕਮਾਯਾ
ਅੱਠੇ ਪਹਿਰ ਧੁਖੇ ਚਿਨਗਾਰੀ, ਜਿਉ ਸੀਖ਼ ਕਬਾਬ ਚੜ੍ਹਾਇਆ
ਬਲ ਬਲ ਢਾਂਢ ਬੁਝੇ ਤਨ ਅੰਦਰ, ਆਹੀਂ ਜੀਉ ਜਲਾਯਾ
ਸੰਤਦਾਸ ਇਸ਼ਕ ਭਲੇਰੀ ਵੇਦਨ, ਜਿਉਂ ਫੱਟ ਉਤੇ ਲੂਣ ਪਾਯਾ ।੪੫।

★

ਪੰਜਾਬੀ ਸਾਝਾਂ

(ਬਵੰਜਾ ਕਵੀਆਂ ਦੀ ਅਪ੍ਰਕਾਸ਼ਿਤ ਕਵਿਤਾ)

ਸਰਦਾਰ ਸਾਹਿੱਤ ਭਵਨ, ਪਟਿਆਲਾ।

੧੯੬੦ ੨.੫੦

੪੨. ਗੁਆਲ ਭਗਤ

ਸਦ ਕੇ ਕੀਤੇ ਬੱਗਾ ਕਮੀਨਾ, ਕਿਉਂ ਦਰਦ ਦਿਤਾ ਦਿਲਬਰ ਕੂੰ
ਦਰਦਵੰਦਾ ਦੀਆਂ ਦਿਲੀ ਰੰਜਾਣੇ, ਸ਼ਾਲਾ ਮਉਤ ਪਵੇ ਤਉ ਖਰ ਕੂੰ
ਪਵੀ ਫਿਰਾਕ ਹਲਾਕ ਥੀਵੈ ਨਿਤ, ਲੁੜਦਾ ਵੰਞ ਝਰ ਨੂੰ
ਕਹੈ ਗੁਆਲ ਵਿਸਾਹੁ ਨ ਕੀਚੈ, ਤੈਡੇ ਭਾਹਿ ਲਗੀ ਤੇਰੇ ਪਰ ਕੂੰ ।੧।

ਸਦਕੇ ਕੀਤਾ ਬੱਗਾ ਕਮੀਨਾ, ਮੇਰੇ ਦਿਲਬਰ ਕੂੰ ਦਰਦ ਦਿਤੋਈ
ਦਿਲਬਰ ਮੇਰਾ ਰੰਗ ਮਹਲੀ, ਕਿਥੋਂ ਗੋਲਿ ਲਧੋਈ
ਆਨਾ ਸ਼ਮਸ਼ੇਰ ਕਰੇਈਂ ਟੁਕੜੇ, ਜੇ ਮੇਰਾ ਵਸੁ ਭੀ ਲਗਮੁ ਕੋਈ
... ... ।੨।

ਤਾਪ ਵਾਰ

ਨ ਥੀ ਗਿਲੋ ਗੁਆਲ ਅਸਾਂ ਤੇ, ਮੈਂ ਆਪ ਖੁਸ਼ੀ ਨਹੀਂ ਆਇਆ
ਪਹਿਲੇ ਸਹੋ ਨ ਕੀਤਾ ਮੂਲੇ, ਤਾਂ ਮੈਂ ਫੇਰਾ ਪਾਇਆ
ਬਖਸਿ ਗੁਨਾਹੁ ਪਈ ਗੁਸਤਾਕੀ, ਅਸਾਂ ਤੇਰਾ ਦੋਸਤ ਦੁਖਾਇਆ
ਲਿਖ ਘਿੰਨ ਗੁਆਲ ਮੈਂ ਵਤਿ ਨ ਆਸਾਂ, ਅਸਾਂ ਕੀਤਾ ਗੁਨਾਹੁ ਸਵਾਇਆ
।੩।

ਧੰਦੇ ਦੇ ਵਿਚਿ ਅੰਧਾ ਥੀਂਦਾ, ਅੱਖੀ ਪਟਿ ਨ ਭਾਲੇ
ਦੀਟੇ ਲਾਲ ਚੁਣੇ ਸੇ ਘੋਗੇ, ਕਣ ਦੀਟੇ ਤੁਹੁ ਤਾਲੇ
ਏਵੈ ਉਮਰ ਗਵਾਈਆ ਗਾਫ਼ਿਲ, ਲਿਖ ਲਿਖ ਕਾਗਦ ਕਾਲੇ
ਸੁਧੁ ਗੁਆਲ ਤਦਾਹੀਂ ਪਉਸੀਆ, ਜਦ ਥੀਸੀ ਜਮ ਹਵਾਲੇ ।੪।

ਜਗ ਦੀ ਛੋੜਿ ਤਦਾ ਸੁਖ ਪਾਵੈ, ਜਦ ਰਖੈ ਆਸ ਧਣੀ ਤੇ
ਮਨ ਦਾ ਮੂੜਾ ਸਮਝਿ ਨ ਵੇਖੈ, ਫਿਰਦਾ ਕਾਲੁ ਅਣੀ ਤੇ
ਕੇਤੀ ਦਾਵਾ ਕਰਿ ਕਰਿ ਹੁੱਟੀ, ਬਹੁਤੇ ਬਹੁਤ ਅਣੀ ਤੇ
ਮਨ ਦੀਆਂ ਵਾਗਾਂ ਵਸ ਕਰ ਕੇਵਲ, ਥੀ ਅਸਵਾਰ ਬਣੀ ਤੇ ।੫।

ਧਨ ਸੂਮਾਂ ਦਾ ਅੰਦਰਿ ਲਾਥਾ, ਦੂਰੋਂ ਪਇਆ ਪੁਕਾਰੇ
ਜੇ ਤੂੰ ਕੱਢਿ ਨ ਖਰਚੇਂ ਮੈਨੂੰ, ਮੈਂ ਕੂਕ ਕਰੇਸਾਂ ਨਾਅਰੇ
ਮੈਂ ਤੇਰੇ ਕੰਮੁ ਆਸੀ ਤ੍ਰਿਦਾਂ, ਜਾਂ ਪਉਸੀ ਪਾਉਂ ਪਸਾਰੇ
ਖਰਚ ਖਾਇ ਗੁਆਲ ਇਥਾਹੀਂ, ਅਗੈ ਜੋ ਭਾਸੀ ਹਰਿ ਪਿਆਰੇ ।੬।

ਨਉ ਲਖ ਲਾਨ੍ਹਤ ਸੂਮ ਧਨੀ ਕੂੰ, ਜੋ ਹਰਿ ਦੇ ਨਾਉ ਨ ਚੁਲੇ
ਜਿਹ ਦਿਤੀ ਪਰਵਾਹ ਨ ਤਿਸਦੀ, ਭੂਲਾਂ ਇਜੇਹੀ ਭੁਲੇ
ਗਨਿਕਾ ਵਾਂਗੂੰ ਕਰੇ ਪਹਿਰਾਵਾ, ਖਾਇ ਕਰੇ ਲਿਫ ਠੁਲ੍ਹੇ
ਗੁਆਲ ਸੁ ਮੂਰਖ ਕੱਚ ਵਿਹਾਝਿਆ; ਛੋੜਿਅਸੁ ਲਾਲ ਅਣਮੁਲੇ ।੭।

ਸੂਮ ਦੀ ਖਲੜੀ ਏਵੈ ਰੁਲਸੀ, ਜਿਵੈਂ ਮੋਇਆ ਗਲੀ ਵਿਚ ਕੁੱਤਾ
ਏਵੈ ਸੁਵਾ ਸੁਟ ਘਤੀਅਸੁ, ਜਿਵੈਂ ਕਾਣਾ ਬੇਰ ਕੁ ਤੁੱਤਾ
ਹੋਂਦੇ ਦੰਮੈ ਦਾਨੁ ਨ ਕੀਤੁਸੁ, ਦੇਖ ਸਮਾ ਨਹੀਂ ਜੁਤਾ
ਗੁਆਲ ਨ ਲਭਸਿ ਜਾਇ ਕਿਥਾਊਂ, ਧਿਕ ਦੋਜ਼ਕ ਵਿਚ ਮੁਤਾ ।੮।

ਅਗੇ ਦੋਜਕ ਜਾਇ ਦੇਵਸੁ, ਫਿਰਦਾ ਰੁਲਦਾ ਖੁਲਦਾ
ਦੁਹੀਂ ਜਹਾਨੀਂ ਥੀਉਸੁ ਮੂੰਹ ਕਾਲਾ, ਜਿਵੇਂ ਅੰਗਾਰਾ ਚੁਲ੍ਹ ਦਾ
ਹੋਂਦੇ ਦੰਮੈ ਦਾਨ ਨ ਕੀਤੋਸੁ, ਭੁਲ ਇਜੇਹੀ ਭੁਲਦਾ
ਆਖ ਗੁਆਲ ਸੂਮਾਂ ਦੀਆਂ ਬਾਤਾਂ, ਤਾਂ ਫਿਰਿ ਫਿਰਿ ਜੋਨੀ ਰੁਲਦਾ ।੯।

ਲੱਖਾਂ ਵਾਲਿਆਂ ਨੂੰ ਲੱਖ ਝੁਰਾਣੇ,ਰਾਤ ਡੀਹਾਂ ਮੁੰਹ ਗ਼ਮ ਦੇ
ਸਦਾ ਹਲਾਕ ਹਜ਼ਾਰਾਂ ਵਾਲੇ, ਰਾਤੀਂ ਸੁਖ ਨ ਸਮਦੇ
ਸੈਆਂ ਵਾਲਿਆਂ ਨੂੰ ਸੈ ਸੈ ਝੇਰੇ,ਸਾਸਿ ਸਾਸਿ ਪਲੁ ਦਮ ਦੇ
ਗੁਆਲਾ ਸਦਾ ਸੁਖਾਲਾ ਸੋਈ, ਜੋ ਰਤੇ ਨਾਲਿ ਖਸਮ ਦੇ ।੧੦।

ਸੂਮਿ ਧਨ ਨੂੰ ਏਵੇਂ ਰਖੈ, ਜਿਵੇਂ ਬਾਪ ਬੇਟੀ ਨੂੰ ਹਥੁ ਨ ਲਾਏ
ਪਾਲਿ ਪਾਲਿ ਤੇ ਵਡੀ ਕਰੇਂਦਾ, ਲੈ ਜਾਂਦੇ ਨੀ ਪੁਤ੍ਰ ਪਰਾਏ
ਨਾ ਉਹ ਖਰਚੇ ਤੇ ਨ ਉਹ ਖਾਵੇ, ਨ ਉਹੁ ਅੰਗਿ ਹੰਢਾਏ
ਆਖ ਗੁਆਲ ਸੂਮਾਂ ਦੀਆਂ ਬਾਤਾਂ, ਕਿਆ ਕੋਈ ਆਖਿ ਸੁਣਾਏ ।੧੧।

ਇਕ ਦੇ ਚਾਲੀ ਥੀਏ ਤਿਨ੍ਹਾ ਦੇ, ਜਿਨ੍ਹਾਂ ਸਾਧ ਸੰਗਤਿ ਮੁਖ ਪਾਇਆ
ਸਾਵੇਂ ਸਏ ਥੀਵੇਂ ਤਿਨ੍ਹਾਂ ਦੇ, ਜਿਨ੍ਹਾਂ ਖਾਧਾ ਅੰਗ ਲਗਾਇਆ
ਨ ਕੁਛ ਦਿਤਾ ਤੇ ਨ ਕੁਛੁ ਲੀਤਾ, ਉਸ ਬਿਰਥਾ ਜਨਮ ਗਵਾਇਆ
ਆਖਨੁ ਵਸੁ ਗੁਆਲ ਅਸਾਡਾ, ਅਸਾਂ ਪਰਗਟਿ ਕੂਕਿ ਸੁਣਾਇਆ ।੧੨।

ਸਦਾ ਪ੍ਰੇਤ ਫਿਰਨ ਨਰ ਸੋਈ, ਜਿਨ੍ਹਾਂ ਮਾਈ ਬਾਪ ਰੰਜਾਇਆ
ਤ੍ਰੈ ਸੈ ਸਠ ਉਨ੍ਹਾਂ ਤੀਰਥ ਕੀਤੇ, ਤਾਂ ਭੀ ਨਿਰਮਲ ਹੋਇ ਨ ਆਇਆ
ਹਥਿ ਵਰਸਾਦੇ ਉਨ੍ਹਾਂ ਦਾਨ ਨ ਕੀਤਾ, ਤੜਤੂ ਵਲਿਆ ਤ੍ਰਿਹਾਇਆ
ਆਖ ਗੁਆਲ ਤਿਨਾਂ ਕੀ ਵਟਿਆ, ਜਿਨ੍ਹਾਂ ਮਾਈ ਬਾਪ ਰੰਜਾਇਆ ।੧੩।

ਕੁਸੰਗੀ ਨੂੰ ਸੰਗ ਮੂਲਿ ਨ ਥੀਵੈ, ਜਿਵੇਂ ਹੀਂਙੇ ਵਿਚਿ ਕਸਤੂਰੀ
ਘਾਟ ਜਿਨ੍ਹਾਂ ਦੇ ਮਨ ਵਿਚਿ ਹੋਵੈ, ਤਿਨ੍ਹਾਂ ਨੂੰ ਕਰੋੜ ਪਦਮ ਨਹੀਂ ਪੂਰੀ
ਇਸ ਮਾਇਆ ਦੇ ਧੰਦੇ ਕੋਲੋਂ, ਸਭਾ ਗਈ ਅਧੂਰੀ
ਸਤਸੰਗ ਪ੍ਰਾਪਤਿ ਗੁਆਲ ਜਿਨ੍ਹਾਂ ਨੂੰ, ਪਈ ਤਿਨ੍ਹਾਂ ਦੀ ਪੂਰੀ ।੧੪।

ਟੂਟੀ ਪਈ ਤਿਨਾਂ ਦੀ ਭਾਈ, ਜੋ ਸਾਧਸੰਗਤਿ ਵਿਚਿ ਆਏ
ਪਾਰਬ੍ਰਹਿਮ ਪੂਰਨ ਪਰਮੇਸਰ, ਤਾਂਕੇ ਔਗੁਣ ਸਭ ਮਿਟਾਏ
ਨਉ ਨਿਧਿ ਸਭ ਤਿਨਾਂ ਘਰਿ ਆਈ, ਸਗਲੇ ਦੂਖ ਨਸਾਏ
ਦਾਸ ਗੁਆਲ ਹਰਿ ਚੇਤ ਸਵੇਲੀ, ਤੂੰ ਰਹੁ ਸੰਤਾਂ ਦੇ ਸਾਏ ।੧੫।

ਤੈਂਡੀ ਮਾਇਆ ਤੈਂ ਥੋ ਰੋਂਵੇ, ਜੇ ਤੈ ਕੂੰ ਬਹੁ ਪਿਆਰੀ
ਰੋਟੀ ਕਪੜਾ ਦੇਇ ਅਸਾ ਨੂੰ, ਤਿਸ ਵਿਚਿ ਘਤਿ ਨ ਘਾਰੀ
ਜਦ ਕਦਾ ਕਾਈ ਗਰਜ਼ ਪਵੈ ਤੂੰ, ਤਦਾ ਭੀ ਆ ਇਸ ਕਾਰੀ
ਗੁਆਲ ਗਰੀਬੁ ਢਹਿ ਪਇਆ ਦਰਿ ਉਤੇ, ਤੇਰੇ ਚਰਨਾਂ ਦਾ ਹਿਤਕਾਰੀ
।੧੬।

ਮਰਿ ਵੈਸੀ ਤੇ ਖਾਕ ਰੁਲੀਸੀ, ਜਗ ਵਿਚਿ ਰਹਸਿਨਿ ਗੱਲਾਂ
ਇਨ੍ਹਾਂ ਮੂੰਹਾਂ ਤੇ ਮਿਟੀ ਪਉਸੀ; ਜੰਮਸਨ ਬੂਟੇ ਝੱਲਾਂ
ਕੋਟਾਂ ਦੇ ਪਾਤਸ਼ਾਹ ਸਿਧਾਣੇ, ਛੋੜਿਕੈ ਰੰਗ ਮਹਿਲਾਂ
ਆਪੁ ਗੁਆਲ ਸਚੁ ਪੱਲੇ ਹੋਵੈ, ਸਾਧ ਸੰਗਤਿ ਵਿਚਿ ਰਲਾਂ ।੧੭।

ਜੋ ਪਲਕਾਂ ਸੋ ਖਬਰਿ ਨ ਖਲਕਾਂ, ਜੋ ਪਲਕਾਂ ਸੋ ਜੁੜੀਆਂ
ਜੋ ਜੁੜੀਆਂ ਸੋ ਮੂਲ ਨ ਮੁੜੀਆਂ, ਜੋ ਮੁੜੀਆਂ ਤੇ ਲੁੜੀਆਂ
ਇਕ ਸਹੁ ਛੋਡਿ ਬਿਆ ਵਲਿ ਰਤੀਆਂ, ਸੇ ਵੰਵਨਿ ਦਾਣੋਂ ਥੁੜੀਆਂ
ਭੋਰੀ ਥੀਉ ਗੁਆਲ ਤਿਨਾ ਥੋਂ, ਜੋ ਲਗਿਕੈ ਮੂਲਿ ਨ ਮੁੜੀਆਂ ।੧੮।

ਮਨੁ ਦਿਤੇ ਬਿਨੁ ਖਸਮ ਨ ਰੀਝੈ, ਜੇ ਸੈ ਕਰਿ ਤਾਲਿ ਦਿਖਾਲੇ
ਜੋਗੀ ਜਤੀ ਤਪੀ ਸੰਨਿਆਸੀ, ਤੋੜੇ ਜਾਇ ਹਿਮਾਚਲ ਗਾਲੇ
ਬੇਦ ਪੁਰਾਨ ਪੜ੍ਹੇ ਜੋ ਪੋਥੀ, ਲਿਖ ਘਤੇ ਕਾਗਤ ਕਾਲੇ
ਤਾਂ ਤੇ ਗੁਆਲ ਨ ਰੀਝਸਿ ਸਾਂਵਲ, ਜੇ ਹੋਇ ਹਲੀਮ ਨ ਜਾਲੇ ।੧੯।

ਜੋੜੁ ਜੋੜੁ ਮਨ ਜੋੜੁ ਤਦਾਹੀ, ਜੋੜੁ ਪਵੀ ਮਨ ਜੁੜਿਆ
ਸਾਗਰੁ ਲਹਰਿ ਅਥਾਹ ਅਗਮ ਵਿਚਿ, ਲਾਲ ਲਹਨਿ ਵਿਚਿ ਵੁੜਿਆ
ਸਿਕਰੇ ਸ਼ੀਂਹ ਹਾਥੀ ਮਤਵਾਲੇ, ਮਿਲਨਿ ਨ ਹਥੋਂ ਛੁੜਿਆਂ
ਸੂਰੇ ਸਤੀ ਗੁਆਲ ਸਨੇਹੀ, ਤਿਨਾਂ ਲਾਜ ਨ ਰਹਿੰਦੀ ਮੁੜਿਆਂ ।੨੦।

ਮੈਂ ਕੂ ਛੋਡਤ ਮੈਂ ਕੂ ਪਾਵਹਿ, ਮੈਂ ਵਿਚ ਮੈਂ ਮੁੜ ਨਾਹੀਂ
ਮੈਂ ਵਿਚ ਮੈਕੂੰ ਮੂਲ ਨ ਰਹਿਸੀ, ਮੈਂ ਆਹੀ ਸਭ ਠਾਈਂ
ਜੇ ਤਉ ਸਟੀ ਅਪਣੀ ਮਮਤਾ, ਸਭ ਮੈਂ ਹੀ ਮੈਂ ਆਹੀਂ
ਜਿਥੇ ਮੈਂ ਤਿਥੇ ਮੈਂ ਨੀਸੀ, ਸੁਣ ਗੁਆਲਾ ਸੱਚ ਅਖਾਹੀਂ ।੨੧।

ਸਦਾ ਹਜ਼ੂਰ ਨ ਦੂਰ ਕਦਾਹੀਂ; ਮੈਂ ਭੁਲੀ ਫਿਰਾਂ ਢੂੰਡੇਂਦੀ
ਸਾਹ ਵਿਸਾਹ ਕੁਲੋਂ ਤੂੰ ਨੇੜੇ, ਮੈਂ ਉਚੇ ਸੱਡ ਕਰੇਂਦੀ
ਤੂੰ ਮਿਲ ਰਹਿਆ ਮਿਲਣ ਵਿਚ ਮਿਲਿਆ, ਮੈਂ ਅਜਣ ਮਿਲਣ ਲੁੜੇਂਦੀ
ਢਿਲ ਗੁਆਲ ਨ ਤੇਰੀ ਪਾਰੋਂ, ਮੈਂ ਵਿਚ ਢਿਲ ਮਰੇਂਦੀ ।੨੨।

ਤੈਂਦੇ ਨਾਲ ਅਦਾਵਤ ਕਹੀ, ਜੈਂਦੀ ਪ੍ਰਭ ਜੀ ਮੰਨੇ
ਕਿਆ ਕੁਝ ਭੇਟ ਸਦਾਮੇ ਆਂਦੀ, ਬੀਜ ਕ੍ਰਿਆ ਬੋਇਆ ਧੰਨੇ
ਅਜਮਲ ਕੌਣ ਤਪੱਸਿਆ ਕੀਨੀ, ਕਿਆ ਗੁਣ ਗਨਕਾ ਮੰਨੇ
ਰੀਝ ਗੁਆਲ ਖਸਮ ਦੀ ਨਿਆਰੀ, ਮਤ ਕੋਈ ਦਾਅਵਾ ਬੰਨ੍ਹੇ ।੨੩।

ਸੋਹਣੇ ਸਾਈਂ ਤੁਸਾਂ ਕਿਤਨੇ ਤਾਈਂ, ਤੁਸੀਂ ਬੇਪ੍ਰਵਾਹ ਜੁਲੈਸੋ
ਕੰਡ ਤੁਸਾਡੀ ਦੁਇ ਨੈਣ ਅਸਾਡੇ, ਜਦ ਤਾਈਂ ਦਿਸਦੇ ਵੈਸੋ
ਅੱਖੀਆਂ ਕੋਲੋਂ ਪਰੇ ਪਰੇਰੇ, ਦਿਲ ਕੋਲੋਂ ਕਿਵੇ ਵੈਸੋਂ
ਆਖ ਗੁਆਲ ਅਸਾਂ ਮਨੋਂ ਨ ਵਿਸਾਰਿਆ, ਤੁਸੀਂ ਕਿਵੈ ਨ ਯਾਦ ਕਰੈਸੋਂ
।੨੪।

ਸਿਕ ਤੁਸਾਡੀ ਅਸਾਂ ਮਰਮ ਕਿਨੇਹਾ, ਤੁਸਾਂ ਕੀਤੀ ਅਸਾਂ ਨਾਲਿ ਬਿਤਰਸੀ
ਅਸਾਕੂੰ ਸਿਕ ਤੁਸਾਡੀ ਤੁਸਾਂ ਮਿਹਰ ਨ ਭੋਰਾ, ਆਖ ਵਿਖਾ ਕਿਉਂ ਸਰਸੀ
ਡਾਢੇ ਨਾਲਿ ਕਿਛੁ ਚਲੈ ਨਾਹੀ, ਸਬਰ ਤਿਨਾ ਨਾਲਿ ਫਰਸੀ
ਆਖ ਗੁਆਲ ਤੁਸਾਂ ਕੀ ਵਟਿਆ, ਜਾ ਨੇਹੀ ਸਿਕਦਾ ਮਰਸੀ ।੨੫।

ਜਿਨ੍ਹਾਂ ਨੂੰ ਸ਼ੌਕ ਸਾਈਂ ਦਾ ਲੱਗਾ, ਸਭ ਕਿਛ ਸਿਰ ਪਰ ਝਲਦੇ
ਝੱਖੜ ਝੋੜੇ ਵਾਇ ਅੰਧੇਰੀ, ਵਾਂਙ ਪਰਬਤ ਨ ਹਲਦੇ
ਮੁਖ ਵਿਚ ਰੱਜ ਨੰਗ ਵਿਚ ਕੱਜਨ, ਭੁਖੇ ਹੈਨ ਇਸ ਗੱਲ ਦੇ
ਕਹੈ ਗੁਆਲ ਜਿਨ੍ਹਾਂ ਅਖੀਂ ਦੇਖਿਆ, ਕਿਆ ਕਹੈਂ ਸੁਖ ਪਲ ਦੇ ।੨੬।

ਕੁਠੀ ਕੁਹਣੁ ਕਬੂਲ ਕੀਤਾ ਸੀ, ਤੂ ਫਿਰ ਕਿਕਾਨੀਂ ਕਸੇਂ
ਚਉਰਾਹੇ ਵਿਚ ਪਈ ਤੜਫਾਂ, ਜਾ ਦੇਖਾਂ ਤਾਂ ਪੱਸੇਂ
ਦਿਲ ਤੇ ਜੁਦਾ ਨ ਥੀਵੇਂ ਮੂਲੇ, ਜੇ ਮੈ ਕੋਹਾਂ ਵੱਸੇਂ
ਆਪ ਗਇਓਂ ਤਾਂ ਜਾਇ ਗੁਆਲਾ, ਮੇਰੇ ਦਿਲ ਤੇ ਨੇਹੁ ਨ ਖੱਸੇਂ ।੨੭।

ਕੁਠੀ ਕੁਹਣ ਕਬੂਲ ਕੀਤਾ ਸੀ, ਤੈ ਤਨ ਤਰਸ ਨ ਆਇਆ
ਕਰ ਕੀਮਾ ਕਰ ਕੀਮਾ ਕੀਮਾ, ਕੀਮਾ ਖਾਕ ਰੁਲਾਇਆ
ਖਾਕ ਰੁਲਾਇ ਵਿਸਾਰੈ ਨਾਹੀ, ਅਸਾਂ ਵਡਾ ਨਰੋਜ਼ਾਂ ਪਾਇਆ
ਗੁਆਲਾ ਲਖ ਕਸੀਸਾਂ ਮੈਂ ਹੋਰ ਸਹੀਆਂ, ਇਕ ਤੂ ਨਾ ਥੀਉ ਪਰਾਇਆ ।੨੮।

ਮਾਇਆ ਕੀ ਵਡਿਆਈ ਝੂਠੀ, ਸਭ ਕਰ ਕਰ ਖ਼ਾਕ ਸਮਾਣੀ
ਲਸ਼ਕਰ ਕਟਕ ਨਿਸ਼ਾਣ ਨਗਾਰੇ, ਕਰਕੈ ਧਰਤਿ ਸਿਧਾਣੀ
ਜੋ ਅਸਮਾਨੇ ਵਿਚ ਨ ਮਾਵਨ, ਨਕ ਨੱਥੇ ਨੱਥ ਰਬਾਣੀ
ਅਮਰ ਗੁਆਲ ਸੇ ਜਗ ਵਿਚ ਚੰਗੇ, ਭਏ ਦਾਸਨ ਦਾਸ ਪ੍ਰਾਣੀ ।੨੯।

ਤਾਂ ਤਾਂ ਸਿਕ ਨ ਛੋੜ ਪਿਰੀਆ ਦੀ, ਜਾਂ ਜਾਂ ਸਾਹ ਨ ਹੁਟੀ
ਦੇਹੁ ਥੋੜਾ ਤੇ ਪੰਧ ਘਣਾ ਕਰ, ਵੰਞ ਮਿਤ੍ਰਾਂ ਵਲ ਛੁਟੀ
ਓਹੋ ਨਾਲ ਸੰਭਾਲ ਤੂੰ ਚਾਹੇਂ, ਜੋ ਰਾਹ ਵਿਚ ਮੂਲ ਨ ਖੁਟੀ
ਗ਼ਫਲਤ ਮੂਲ ਨ ਕਰੋ ਗੁਆਲਾ,ਇਸ ਗ਼ਫਲਤ ਸਭਾ ਮੁਠੀ ।੩੦।

੪੩ ਗੁਨਕਾਰੀ

ਮਿਲੈ ਪਿਆਰਾ ਤਾਂ ਮੈਂ ਜੀਵਾਂ, ਨਾਹੀ ਤਾਂ ਮਰਿ ਜਾਂਦੀ
ਨੀਂਦ ਨ ਨੈਣੀਂ ਸੁਖ ਨ ਸੁਪਨੇ; ਨਾਕਾ ਦੁਖਾਂ ਕਾਂਦੀ
ਆਉ ਸਜਣ ਹੁਣ ਨ ਗਿਣ ਅਉਗਣ, ਆਨ ਮਿਹਰ ਦਰਮਾਂਦੀ
ਗੁਨਕਾਰੀ ਮੁਈ ਵਲਿ ਜੀਵਾਂ, ਪਾਏ ਦਰਸਨ ਬਾਂਦੀ ।੧।

ਸਜਣ ਦੇਖ ਅਸਾਂ ਵਲਿ ਭੋਰਾ, ਤਉ ਬਿਨ ਹਾਲ ਕਿਵੇਹਾ
ਸੁਖ ਨ ਕੋਈ ਦੁਖ ਸਭੋ ਤਨ, ਚਉ ਚੁਖ ਸੰਮਣੁ ਕੇਹਾ
ਰੋਵਾਂ ਰੱਤ ਨਿਖੁੱਟਨ ਆਹੀਂ, ਦਰਦ ਨ ਥੀਵੈ ਬੇਹਾ
ਗੁਨਕਾਰੀ ਹੁਣ ਤਰਸ ਕਿਚੀਵੈ.ਦੇਖ ਹਵਾਲੁ ਇਜੇਹਾ ।੨।

ਬਿਆ ਦਰੁ ਨ ਵਿਖਲਾਈ ਸਾਈਂ, ਆਪ ਡਹੋ ਵਲਿ ਭਾਲੀ
ਢੱਠੀ ਆਇ ਪਈ ਦਰ ਤੇਰੇ, ਅਪਣੇ ਦਰੋਂ ਨ ਟਾਲੀਂ
ਅਵਗੁਣਹਾਰੀ ਨ ਗੁਣ ਮੈਂ ਵਿਚ, ਤੂ ਗੁਣ ਅਪਣਾ ਪਾਲੀ
ਗੁਨਕਾਰੀ ਦਾ ਹੋਰ ਨ ਕੋਈ, ਤਉ ਬਿਨ ਕੈ ਗਲਿ ਜਾਲੀਂ ।੩।

ਪਾਂਧੀ ! ਆਖ ਸਜਣ ਨੂੰ ਹਾਲਤਿ, ਦੁਖਾਂ ਬਹੁਤ ਦੁਖਾਈ
ਨ ਤੂੰ ਆਵੇਂ ਨ ਸੱਦ ਭੇਜੇਂ, ਮੈਂ ਕੈ ਲਗਿ ਜੀਵਾਂ ਸਾਈਂ
ਨ ਜਾਣਾ ਕਿਤ ਬੈਠਕ ਤੇਰੀ, ਉੱਝਿ ਉੱਝਿ ਰਹੀ ਨ ਪਾਈ
ਗੁਨਕਾਰੀ ਜੇ ਆਪ ਸਾਰੇਂ,ਤਾਂ ਹਉ ਮੁਈ ਜਿਵਾਈਂ ।੪।

ਆਉ ਸਜਣ ! ਦੁਖ ਬਹੁਤ ਡਿਠਿਅਸੁ, ਫੇਰ ਮਿਹਰ ਦੀਆ ਵਾਗਾਂ
ਤਉ ਬਾਝੋਂ ਹੈਰਾਨ ਹਮੇਸ਼ਾਂ, ਝੱਲੇ ਕਾਇ ਨ ਜਾਗੂਂ
ਜੇ ਤੂੰ ਆਵੇਂ ਤਾ ਸੁਖਿ ਵੱਸਾਂ, ਕੱਢੇ ਮਾਰਿ ਦੁਹਾਗਾਂ
ਗੁਨਕਾਰੀ ਅਸਾਂ ਵਲਿ ਆਵੇਂ, ਗਣੀਆਂ ਵਿਚਿ ਸੁਹਾਗਾਂ ।੫।

ਭਾਵੇਂ ਸਾਰ ਨ ਸਾਰ ਪਿਆਰੇ ! ਭੀ ਦਰ ਛੋੜਿ ਨ ਵੈਸਾਂ
ਲਖ ਲਖ ਬਦੀਆਂ ਤੇ ਲਖ ਉਲਾਂਭੇ, ਸਿਰ ਦੇ ਭਾਰ ਝਲੇਸਾਂ
ਸੂਲ ਸਹਮ ਦੁਖ ਦਰਦ ਤ੍ਰਿਸਾਲੇ, ਸਭੇ ਕਬੂਲ ਕਰੇਸਾਂ
ਗੁਨਕਾਰੀ ਇਕ ਨੀਹੁ ਤੁਸਾਡਾ, ਮੈਂ ਜਹਿੰ ਤਹਿੰ ਹਾਲ ਪਾਲੇਸਾਂ ।੬।

ਲਾਇਆ ਨੀਹੁ ਨਿਬਾਹਿ ਪਿਆਰਾ, ਤੂੰ ਸੱਚੁ ਸਚਾ ਮੀਤਾ
ਤੂੰ ਹੀ ਮਾਨੁ ਤਾਨੁ ਭੀ ਤੂੰ ਹੈ, ਤਉ ਸੇਤੀ ਮਨ ਸੀਤਾ
ਦੇਖਿ ਹਾਲੁ ਕਰਿ ਭਾਲ ਮਿਹਰ ਦੀ, ਲਾਲੁ ਨ ਥੀਉ ਕੰਡੀਤਾ
ਗੁਨਕਾਰੀ ਹੁਣ ਹੋਰ ਨ ਗਣੀਐ, ਜੋ ਤਉ ਅਪਣਾ ਕੀਤਾ ।੭।

ਕਰ ਕਰਨਾ ਹਰਿ ਏਵੇ ਮੈਂ ਤੇ, ਵੈਦ ਰੋਗੀਆਂ ਪਾਲੇ
ਪੇਸ਼ ਮਿਹਰ ਦਾ ਦੇਵੈ ਦਾਰੂ, ਵੈਂਦਾ ਰਾਹੁ ਵਿਚਾਲੇ
ਕੀ ਰਾਜਾ ਕੰਗਾਲ ਕਹੀਂਦਾ, ਥੀ ਦਇਆਲ ਦੁਖ ਟਾਲੇਂ
ਗੁਨਕਾਰੀ ਅਘ ਰਹੈ ਨ ਕੋਈ, ਜੇ ਤੂੰ ਆਪੁ ਸੰਭਾਲੇਂ ।੮।

ਅਵਸਰ ਖੋਇਓ ਜਾਣ ਬੁਝਿ ਕਰ, ਹੇ ਮੂਰਖ ! ਅਵਿਚਾਰੀ
ਥੋੜਾ ਤੇਲੁ ਰਹਿਆ ਵਿਚ ਦੀਵੇ, ਅਗੂੰ ਰਾਤਿ ਅੰਧਾਰੀ
ਕਿਉਂਕਰਿ ਮੂੜਾ ਸੰਬਰਿ ਸਘਸੀ, ਕੱਢਿਓ ਹੱਟ ਪਸਾਰੀ
ਗੁਨਕਾਰੀ ਤਾਂ ਆਵੈ ਵਾਰੀ, ਜਾਂ ਆਵੀ ਤਰਕਸਚਾਰੀ ।੯।

ਆਵੀਂ ਤਰਕ ਫਰਕ ਦਿਲ ਖਾਵੀ, ਕੂੜੇ ਕੰਨੋਂ ਪਸਾਰੇ
ਅੱਗਾ ਪਿੱਛਾ ਨ ਗਣਿ ਦੇਖੇ, ਧਾਇ ਪਵੇ ਯਕ ਬਾਰੇ
ਲਹੈ ਸੁਹਾਗ ਸਚਾਵਾ ਦਾਇਮ, ਭਾਵੇਂ ਢੋਲ ਪਿਆਰੇ
ਗੁਨਕਾਰੀ ਜੇ ਕੰਤ ਰੀਝਾਇਨ, ਭਾਗ ਤਿਨਾ ਸਿਰ ਭਾਰੇ ।੧੦।

ਵੇਲੇ ਯਾਦ ਨ ਕੀਤੇ ਸਾਈਂ, ਦੁਨੀਆਂ ਲਾਲਚਿ ਧੁਤਾ
ਸਾ ਦੁਨੀਆਂ ਨਹੀਂ ਮਿਤ੍ਰ ਕਹੀਂ ਦੀ, ਯਾਰੁ ਕਰਾਂ ਘਰੁ ਨੁਤਾ
ਬਹੂੰ ਬਹੂੰ ਕਰਿ ਸਾਹ ਗਏ ਮਰ, ਜਾਗੁ ਪਇਆ ਕੀ ਸੁਤਾ
ਗੁਨਕਾਰੀ ਤੋੜੇ ਹੁਣ ਸਮਝੇ, ਤਾਂ ਭੀ ਤਰੇ ਪਿੜ ਜੁਤਾ ।੧੧।

ਸਭੋ ਸ਼ਉਕ ਤਿਨਾਂ ਦੇ ਪੱਲੇ, ਜ਼ਉਕ ਜਿਨ੍ਹਾ ਨੂੰ ਸੱਚਾ
ਬੀਉ ਗ਼ੁਫਤਾਰ ਨ ਭਾਵੈ ਕਾਈ, ਸਾਹੁ ਸੇਤੀ ਮਨ ਰਚਾ
ਖੁਸ਼ੀਮੁਰਲਿ ਮੁਢ ਹੀ ਤਿਨਾਂ ਨੂੰ,ਦੁਨੀਆਂ ਦਾ ਸੁਖ ਕੱਚਾ
ਗੁਨਕਾਰੀ ਦਰਗਹਿ ਆਘਾਣੇ, ਖਿਆ ਸਭੋ ਜਗ ਪਚਾ ।੧੨।

ਗਣਿ ਮਿਣਿ ਸਟੁ ਘਤਿ ਮਨ ਮੂਰਖ, ਬੰਨ ਸਚਾਵੀ ਹਿਕਾ
ਹਿਕੇ ਦਾ ਦਰ ਥੀਉ ਮਜੂਰਾ, ਬੰਨਿ ਦਰੋ ਦਰ ਸਿਕਾ
ਕਾਹਿ ਕਾਹਿ ਕਵ ਜੂ ਤੇ ਬਾਤ੍ਰ, ਸਭ ਕਿਥਾਊ ਧਿਕਾ
ਗੁਨਕਾਰੀ ਦਾ ਆਖਣ ਏਹੋ, ਸਮਝਿ ਲਵਾਇ ਨ ਟਿਕਾ ।੧੩।

ਮੁਤਲਕ ਸਚ ਸਿਞਾਣ ਨ ਸਕਿਓ, ਪੈਂ ਗਇਓਂ ਕੂੜੇ ਰਾਹਾਂ
ਭੁਸੜ ਦੇ ਰਸੇ ਨਿਤ ਵਟੇ, ਪਿਟੇ ਸੰਝ ਸੁਬਾਹਾਂ
ਆਉਂ ਸੱਜਣ ! ਹੁਣ ਨ ਕਰਿ ਗ਼ਫਲਤਿ, ਕਰ ਘਿੰਨ ਸਾਫ ਨਿਗਾਹਾਂ
ਗੁਨਕਾਰੀ ਸਚੁ ਆਖਿ ਸੁਣਾਇਆ ! ਮਿਲਸੀ ਮਿਤ੍ਰ ਵਿਸਾਹਾਂ ।੧੪।

ਸਫਲ ਜਨਮ ਜਗ ਵਿਚ ਤਿਨ੍ਹਾਂ ਦਾ, ਜੋ ਹਰਿ ਹਰਿ ਨਾਮ ਚਿਤਾਰੇ
ਨਾਹੀਂ ਤਾਂ ਨਿਸਚੇ ਹੈ ਪਸੂਆ, ਪਸੂਆਂ ਕੋਲੋਂ ਭਾਰੇ
ਅਉਸਰ ਖੋਇਓ ਜਾਨ ਬੂਝ ਕਰਿ, ਅਵਗੁਣ ਕਰੇ ਅਪਾਰੇ
ਗੁਨਕਾਰੀ ਕਿਆ ਗਤਿ ਮਿਤਿ ਤਿਸਦੀ, ਦਾਉ ਪਇਆ ਧਰੁ ਹਾਰੇ ।੧੫।

ਪਹਿਲੋਂ ਸਮਝ ਤਦਾ ਕਰ ਖੁਦੀਆਂ, ਕਿਆ ਬੁਣੀਆਦਿ ਤਿਹਾਰਾ
ਪੰਖੀ ਪਵਨ ਪਿੰਜਰਾ ਦਹ ਦਰ ਖਾਲੀ, ਤੈਂਦਾ ਕਿਆ ਇਤਬਾਰਾ
ਜੇ ਜਾਵੈ ਤੇ ਫੇਰਿ ਨਾ ਆਵੈ, ਤਾਂਕੋ ਰਖਣਹਾਰਾ
ਏਵੈ ਸਮਝ ਜਾਨੁ ਗੁਨਕਾਰੀ, ਓੜਕ ਕੂਚ ਨਗਾਰਾ ।੧੬।

ਮਾਇਆ ਮਾਰਿ ਸਭੋ ਜਗ ਖਾਇਆ, ਮਾਇਆ ਕਿਸੇ ਨ ਜੀਤੀ
ਮੇਰੀ ਮੇਰੀ ਕਰਿ ਕਰਿ ਹਾਰੇ, ਪੂਰੀ ਕਹੀਂ ਨ ਕੀਤੀ
ਲਖ ਕਰੋੜੀਆਂ ਜੋੜੀਆਂ ਤੈਂ ਜੋ,ਗੰਢ ਬੰਧਿ ਕਹੀਂ ਨ ਲੀਤੀ
ਗੁਨਕਾਰੀ ਪਰਵਾਨ ਸੋਈ ਜਿਨ੍ਹਾਂ ਗੰਢ ਬਿਖਿਆ ਸੋ ਦੀਤੀ ।੧੭।

ਜੋ ਜੋ ਮਾਇਆ ਦੇ ਵਿਚ ਰਚਾ, ਬਚਿਆ ਕੋਈ ਨ ਦਿਸੇ
ਅਪਣੇ ਕਰਿ ਕਰਿ ਮਾਰਸਿ ਸਭੇ, ਆਪ ਨ ਹੋਈ ਕਿਸੇ
ਭੁਲੇ ਚੁਕੇ ਨ ਕੋ ਛੋੜਿਉਸੁ, ਤ੍ਰਿਸਨਾ ਡਾਇਣ ਇਸੇ
ਗੁਨਕਾਰੀ ਜਗ ਉਬਰੇ ਸੋਈ, ਮੰਤ ਜਿਨ੍ਹਾਂ ਦੇ ਹਿਸੇ ।੧੮।

ਮਾਇਆ ਜਗ ਇਵੈਂ ਭਰਮਾਇਆ, ਮ੍ਰਿਗ ਤ੍ਰਿਸਨਾ ਕੀ ਨਿਆਈਂ
ਦਉੜਿ ਦਉੜਿ ਮੂਏ ਪਚਿ ਹਾਰੇ, ਨ ਜਲੁ ਕਿਸੈ ਠਾਈਂ
ਰੋ ਕੂਕੇਂਦੇ ਅਵਸਰ ਚੁਕੇ, ਸੀਸ ਧੁਣੇ ਪਛਤਾਈਂ
ਗੁਨਕਾਰੀ ਜਗ ਉਬਰੇ ਸੋਈ, ਜੋ ਗੋਬਿੰਦ ਰੀਝਾਈ ।੧੯।

ਇਸ ਕਲਮ ਤੋਂ–

ਪੰਜਾਬੀ ਬਾਰਾਂਮਾਹੇ	ਹਾਸ਼ਮ ਰਚਨਾਵਲੀ
ਪੰਜਾਬੀ ਵਾਰਾਂ	ਸੋਹਣੀ ਹਾਸ਼ਮ
ਪੰਜਾਬੀ ਕਵੀ	ਹੀਰ ਭਗਵਾਨ ਸਿੰਘ
ਪੰਜਾਬੀ ਬੋਲੀ ਦਾ ਇਤਿਹਾਸ	ਹੀਰ ਕਿਸ਼ਨ ਸਿੰਘ
ਗੁਰਮੁਖੀ ਲਿਪੀ ਦਾ ਇਤਿਹਾਸ	ਸਾਡੇ ਗੁਰਦੇਵ
ਹਿੰਦੁਸਤਾਨੀ ਕਵੀ	ਸੋਲਾਂ ਕਲਾ
ਹਿੰਦੁਸਤਾਨੀ ਕਵਿਤਾ	ਸੰਖੇਪ ਸਿਖ ਇਤਿਹਾਸ
ਹਿੰਦੁਸਤਾਨੀ ਕਲਾ	ਪੰਜਾਬੀ ਮਹਾਰਾਜਾ
ਪੁਸ਼ਪਾਂਜਲੀ	ਮਾਲੀ (ਅਨੁਵਾਦ)
ਮਹਾਂ ਕਵੀ ਸੰਤੋਖ ਸਿੰਘ	ਪੰਛੀ ,,
ਮਹਾਂ ਕਵੀ ਸੰਤਰੇਣ	ਆਜ਼ਾਦੀ ,,

ਪਹਿਲੀ ਵਾਰ ਜਨਵਰੀ ੧੯੬੦ ਕੀਮਤ ੨॥)

ਅਜੁ ਅਜੁ ਕਰੇਂਦਿਆਂ ਮੂਰਖ, ਜਨਮ ਗੁਵਾਇਓ ਸਾਰਾ
ਨ ਬੈਠੋ ਸਾਧਾਂ ਦੀ ਸੰਗਤ, ਨ ਹਰਿ ਭਜਿਓ ਗਵਾਰਾ
ਕਾਮ ਕ੍ਰੋਧ ਲੋਭ ਇਨ੍ਹਾਂ ਮਿਲ, ਲੁਟਿਆ ਤਉ ਘਰਬਾਰਾ
ਗੁਨਕਾਰੀ ਕਿਆ ਸੁਤੇਂ ਗਾਫਲ, ਜਾਗ ਉਠੀਂ ਕਰਿ ਚਾਰਾ।੨੦।

ਲਜਿ ਸਭਾ ਗਲਿ ਘਤੁ ਸਜਣ ਦੇ, ਜੇਮਨਿ ਧੀਰਜ ਆਵੀ
ਗਣਤੀ ਛੋੜਿ ਜੋੜਿ ਦਿਲੁ ਸਹਸਾ, ਕਰਣ ਸਚਾਰੀ ਭਾਵੀ
ਕੰਨ੍ਹੂ ਵਿਸਾਹੁ ਕਰਾਰ ਢਹੋਵੇ, ਜੀਓ ਨ ਗੋਤਾ ਖਾਵੀ
ਗੁਨਕਾਰੀ ਕਢ ਘਿਨ ਭੁਲਾਵਾ, ਮਤਾ ਸਮਾ ਟਲਿ ਜਾਵੀ।੨੧।

ਰਾਮ ਵਿਸਾਰਿਓ ਕੈ ਭਰਵਾਸੇ, ਥੀਉ ਮਵਾਸੀ ਕਾਲੋਂ
ਰਾਵਣ ਜੇਹੇ ਮਾਰ ਪਛਾੜਿਓ, ਸੁ ਤੂੰ ਗਣਤੀ ਕੇ ਨਾਲੋਂ
ਕਰਿ ਘਿੰਨੁ ਵੇਲਾ ਏਹੋ ਹੈ ਈ, ਜੋ ਕਿਛੁ ਥੀਵੀ ਹਾਲੋਂ
ਗੁਨਕਾਰੀ ਬੁਨਿਆਦ ਕਿਆ ਤੇਰੀ, ਸਮਝਿ ਦੇਖਿ ਹਰਿ ਗਾਲੋਂ।੨੨।

ਆਇਆ ਹੱਥ ਕਰਾਰ ਜਿਨ੍ਹਾਂ ਦੇ, ਗੁਰ ਕਰੁਨਾ ਤੇ ਭਾਈ
ਭਰਮੁ ਗਇਆ ਤਿਨ੍ਹਾਂ ਸੰਤਾਂ ਦਾ, ਆਤਮ ਇਸਥਿਤ ਪਾਈ
ਸਫਲਾ ਜਨਮ ਤਿਨਾਂ ਕੀਆ, ਪਈ ਕਬੂਲ ਕਮਾਈ
ਸਦਾ ਅਨੰਦ ਰਹਿਣ ਗੁਨਕਾਰੀ, ਦੁਖ ਨ ਪਹੁੰਚੇ ਰਾਈ।੨੩।

ਗੁਝਾ ਗੁਝਾ ਅਬੁਝ ਮਿਤ੍ਰਾਂ ਦਾ; ਬੁਝਣ ਕਾਣਿ ਧਰੇਸਾਂ
ਲਖ ਲਖ ਦਾਨੇ ਥੀਏ ਦੀਵਾਨੇ, ਕਰ ਕਰ ਫਿਕਰ ਅੰਦੇਸ਼ਾ
ਬੇਸ਼ੁਮਾਰ ਦਰਿ ਦਰਿਆ ਗ਼ਾਇਬ, ਬੂੰਦ ਮਿਲੀ ਦਰਵੇਸ਼ਾ
... ... ।੨੪।

ਵਿੰਗੁੜੀਆਲੇ ਚੂਣੇ ਸੋਹਣ, ਦਿਲ ਜਾਨੀ ਦੇ ਮੱਥੇ
ਹਲਕਨ ਦਹਕਨ ਠਹਕਨ ਮਸਤੀ, ਖਾਧੇ ਪੇਚ ਉਲਥੇ
ਦਰਦਵੰਦਾਂ ਦੇ ਮਾਰਣ ਕੂੰ, ਜਣੁ ਕਾਲੇ ਨਾਗ ਨਿਕੱਥੇ
ਗੁਨਕਾਰੀ ਥੀ ਰਹੇ ਦਿਵਾਨੇ, ਕਢਨਿ ਸਾਹ ਉਬਥੇ ।੨੫।

ਸਉਦੇ ਸੂਦ ਕੀਤੇ ਬਹੁਤੇਰ, ਇਸ਼ਕ ਨ ਸਉਦਾ ਕੀਤੇ
ਮਨੁ ਮਾਇਆ ਦੀ ਤਾਰ ਬੰਧਾਇਓ, ਹਰਿ ਦੇ ਪਾਰ ਨ ਨੀਤੇ
ਕੂੜੇ ਰਸ ਬਿਖਿਆ ਦੇ ਫਾਥੇ, ਅੰਮ੍ਰਿਤ ਨਾਮੁ ਨ ਪੀਤੇ
ਗੁਨਕਾਰੀ ਗਾਲੀਂ ਪਿੜੁ ਹਾਰਿਓ, ਉਤਮੁ ਜਨਮੁ ਨ ਜੀਤੇ ।੨੬।

ਪਤਿਤ ਉਧਾਰ ਨਾਮ ਤਰਨਤਾਰਨ, ਅਸਰਨ ਕੀ ਸਰਨਾਈ
ਕਸ਼ਟ ਨਿਵਾਰਨ ਦੁਸ਼ਟ ਸੰਘਾਰਨ, ਸੰਤਨ ਸਦਾ ਸਹਾਈ
ਜਨ ਹਿਤ ਕਾਰਨ ਲੈ ਅਵਤਾਰਨ, ਦੈਂਤਨ ਨਾਸ਼ ਕਰਾਈ
ਗੁਨਕਾਰੀ ਦਾਰਨ ਭੈ ਹਾਰਨ, ਹੋਹੁ ਸਮਰਥ ਬਲ ਭਾਈ ।੨੭।

ਗੱਲਾਂ ਜਗ ਆਸਾਨ ਸਭੋਹੀ, ਹਿਕ ਨੀਹੁੰ ਨਿਭਾਵਣ ਭਾਰੀ
ਜੈ ਗੁਜ਼ਰੇ ਸਾ ਸਿਰ ਮਨ ਦਿੰਦੇ, ਜਿੰਦ ਨ ਕਰੇਂ ਪਿਆਰੀ
ਅੰਗ ਨ ਮੋੜੇ ਓੜਕ ਤਾਈਂ, ਉਹ ਤੋੜੇ ਸੁਣੇ ਨ ਯਾਰੀ
ਗੁਨਕਾਰੀ ਕੋਈ ਵਿਰਲੇ ਆਸ਼ਕ, ਜੋ ਸਿਰ ਦੇ ਪਾਲਣ ਯਾਰੀ ।੨੮।

ਸਿਰ ਦਾ ਤਮ੍ਹਾ ਨ ਰੱਖਣ ਜੋਈ, ਸੋਈ ਨੇਹੁ ਵਿਹਾਝਣ
ਕਦਮ ਪਿਛਾਹਾਂ ਰੱਖਣ ਨਾਹੀਂ, ਸੂਰੇ ਜਿਉਂ ਤਨ ਸਾਜਣ
ਕਾਮ ਨਾਹੀ ਇਥੇ ਨਾਂਹ ਕਰਨ ਦਾ, ਸਨਮੁਖ ਸਾਂਗਾਂ ਖਾਜਣ
ਗੁਨਕਾਰੀ ਜੋ ਕੂੜੇ ਕਾਇਰ, ਸੇ ਰਣ ਕੋਲੂੰ ਭਜਣ ।੨੯।

ਦੇ ਦੇ ਬਸ ਨ ਕਰਦਾ ਸਾਈਂ, ਲੈ ਲੈ ਬਸ ਨ ਪ੍ਰਾਣੀ
ਦੋਵੇਂ ਅਪਣੀ ਰੀਤ ਨ ਛਡਦੇ, ਆਦਿ ਜੁਗਾਦਿ ਪੁਰਾਣੀ
ਜੀਉ ਉਦਰ ਪੋਖਨਾ ਕਰ ਮਨੇ,ਅਵਰ ਦਾਤ ਨਹੀਂ ਜਾਣੀ
ਗੁਨਕਾਰੀ ਹਰਿ ਘਰ ਲਖਦਾਤੀਂ, ਤਿਸਹਿੱ ਕੀ ਦਾਤ ਪਛਾਣੀ ।੩੦।

ਹਿਕਸੇ ਦਾਤ ਦੇ ਮਹਿਰਮ ਹੋਏ, ਮੰਗਦੇ ਮਾਇਆ ਮਾਇਆ
ਸੋ ਮਾਇਆ ਬਾਜੀਗਰ ਦੀ ਬਾਜ਼ੀ, ਕਰ ਪ੍ਰਪੰਚ ਵਿਖਾਇਆ
ਪ੍ਰਿਥਮੇ ਮੀਠੀ ਪਾਛੈ ਕਉੜੀ, ਤਿਸ ਕਉੜਾ ਅਸਰ ਜਣਾਇਆ
ਗੁਨਕਾਰੀ ਹਰਿ ਦੋਸ਼ ਨ ਕੋਈ, ਮੰਗ ਘਿੰਦਾ ਆਗੇ ਆਇਆ ।੩੧।

ਵਡ ਦਲੇਰ ਜਿਨ ਮਰਣ ਵਿਸਾਰਿਆ, ਸੁਣ ਸੁਣ ਗਲ ਕੰਨ ਮਾਰੇ
ਸਭ ਲਡੋਂਦੀ ਨਦਰੀ ਆਵੈ, ਨਿਤ ਸੁਣਦਾ ਕੂਚ ਨਗਾਰੇ
ਆਪਣੇ ਹਥੀਂ ਮਾਂ ਪਿਉ ਜਾਲਿਆ, ਸਭ ਭਾਈ ਮਿਤ੍ਰ ਪਿਆਰੇ
ਗੁਨਕਾਰੀ ਪਾਪਾਂ ਦੀ ਪੱਟੀ, ਪੜ੍ਹਦਾ ਕਦੀ ਨ ਹਾਰੇ ।੩੨।

ਉਮਰ ਅਜੀਜ਼ ਗਵਾਈ ਏਵੇਂ, ਕਰ ਕਰ ਬਦ ਅਫਾਲੀ
ਗ਼ਫਲਤ ਕਨੂੰ ਨ ਹਾਸਲ ਹੋਈ, ਅਹਲਿ ਦਿਲਾਂ ਦੀ ਚਾਲੀ
ਕਾਈ ਪਲਕ ਨ ਗੁਜ਼ਰੇ ਤੇਰੀ, ਬਿਨਾ ਗੁਨਾਹੋਂ ਖਾਲੀ
ਹੱਸਣ ਵਾਲ ਸੁਪੇਦ ਥੀਏ, ਦਿਲ ਰਹੀ ਇਵੇਹੀਂ ਕਾਲੀ ।੩੩।

ਕੂੜੀਆਂ ਗਾਲੀਂ ਛੋਡ ਪਰੇਰੇ, ਰਚ ਸਚਾਵਾਂ ਰਚਣ
ਇਹ ਸਭੋ ਬਲਦਾ ਜਗ ਦਿਸੇ, ਵਲ ਵਲ ਓੜਕ ਪਚਣ
ਹਰਿ ਜਾਣੇ ਬਿਨ ਥੀਸੀ ਨਾਹੀ, ਚੌਰਾਸੀ ਥੀਂ ਬਚਣ
ਗੁਨਕਾਰੀ ਸੋ ਆਖਣ ਦਾ ਹਿੱਕ, ਆਖਣ ਏਹੋ ਸੱਜਣ ।੩੪।

ਕਿਆ ਗ਼ਫਲਤ ਕੀ ਸੇਜੇ ਸੁਤੋਂ, ਉਠ ਜਾਗ ਵੇਲਾ ਕਛੁ ਟੇਈ
ਗਈ ਸੁ ਗਈ ਸੰਭਾਲ ਰਹੀ ਕੋ, ਰਹਿੰਦੀ ਭੀ ਵੈਸੇਈ
ਮਤ ਕੋਈ ਕਰੈਂ ਕੂੜ ਭਰਵਾਸਾ, ਇਕੋ ਪਰ ਹਾਰੇ ਕੋਈ
ਗੁਨਕਾਰੀ ਪਊ ਗੁਰ ਸ਼ਰਣਾਈ, ਜੋ ਹਰਿ ਕਾ ਰਾਹੁ ਬਤੇਈ ।੨੫।

੪੪. ਬਾਕੀ

ਮੈਂ ਪੁਰ ਐਬ ਕਰੀ ਤਕਸੀਰਾ, ਤੂੰ ਸਾਈਂ ਬਖ਼ਸ਼ੇਂਦਾ ਪੱਲੂ ਦੇਂਦਾ
ਮੈਂ ਇਦਾਇਮ ਤਉ ਕੰਨੂੰ ਤਗਾਫਲੁ, ਤੂੰ ਪਲ ਪਲ ਸੰਭਾਲੇਂਦਾ ਰੋਜ਼ ਪਲੇਂਦਾ
ਅਰਜ਼ ਕਮੀਨ ਸ਼ਿਕਸਤੀ ਦੀ ਤੂੰ, ਰਹਿਮਤ ਨਾਲ ਸੁਣੇਂਦਾ ਪਇਆ ਮੰਨੇਂਦਾ
ਬਾਕੀ ਮੈਂ ਸ਼ਰਮਿੰਦੀ ਹਰਦਮ, ਭੀ ਤੂੰ ਮਿਹਰ ਕਰੇਂਦਾ ਨਾ ਵਿਸਰੇਂਦਾ ।੧।

ਮੈਂ ਦਿਲ ਖਸਤ ਸ਼ਿਕਸਤੀ ਆਜ਼ਜ, ਦਰ ਤੇ ਪਈ ਪੁਕਾਰੀ ਕਰਦੀ ਯਾਰੀ
ਤੂੰ ਗੁਣਵੰਤਾ ਖਾਵੰਦੁ ਮੈਂਡਾ, ਮੈਂ ਪੁਰ ਅਉਗਣਆਰੀ ਦੀ ਕਰਿ ਕਾਰੀ
ਬਿਆ ਨ ਮੂਲਿ ਨ ਮਹਿਰਮੁ ਕੋਈ, ਜੋ ਦਿਲ ਵੇਦਨ ਭਾਰੀ ਸਖਤ ਬਿਮਾਰੀ
ਬਾਕੀ ਮਿਹਰ ਤਬੀਬ ਤੁਸਾਡੀ, ਹੋਰ ਨ ਹਰਗਿਜ਼ ਕਾਰੀ ਬਾਝੁ ਸਤਾਰੀ ।੨।

ਤੈ ਬਿਨੁ ਹਾਲ ਬਿਹਾਲ ਫ਼ਿਰਾਕ ਮੈਂ, ਕੀਤੀ ਦਰਦ ਦਿਵਾਨੀ ਤੇ ਮਸਤਾਨੀ
ਕੰਨੋ ਹਾਲ ਵਿਹਾਲ ਥੀਉਮ ਦਿਲ, ਕੋਲਿ ਜੁ ਮੈਂਡੇ ਜਾਨੀ ਖਰੀ ਨਿਮਾਣੀ
ਯਾਰ ਸਭੇ ਅੰਗਿਆਰ ਥੀਏ, ਦਿਲਦਾਰ ਬਿਨਾ ਹਰਿਆਨੀ ਤੇ ਪਰਸ਼ਾਨੀ
ਬਾਕੀ ਖੁਸ਼ਕੀ ਮੁਸ਼ਕੀ ਤੇ ਵਲਿ, ਭਾਲਿ ਮਿਹਰ ਪਿਸਾਨੀ ਮੈਂ ਕੁਰਬਾਨੀ ।੩।

ਮੈਂ ਦੁਖਿਆਰੀ ਦੂਤਾਂ ਮਾਰੀ, ਰੋਇ ਰੋਇ ਹਾਲ ਸੁਣਾਈ ਮਹਰਮੁ ਸਾਥੀਂ
ਲਖ ਦੁਸ਼ਮਨ ਹਿਕ ਜਿੰਦ ਵਿਚਾਰੀ, ਕਿਉਂ ਕਰ ਚੋਟ ਬਚਾਈ ਸਦਕੇ ਜਾਈ
ਜਾਣਾਂ ਨਾਹੀ ਸੋ ਢੰਗ ਕਿਨੇਹਾ, ਜਿਤੁ ਕਰਿ ਮਿਤ੍ਰ ਰਿਝਾਈ ਜੀਉ ਘੁਮਾਈ
ਭੀ ਬਾਕੀ ਦੇਖੁ ਨ ਬਾਕੀ ਦੀ ਤੂੰ, ਯਾਂ ਕੀ ਬਖਸਿ ਮਿਲਾਈ ਜਾਨ ਵਟਾਈ
।੪।

੪੫. ਚੂਹੜ

ਜੋ ਜੋ ਰੋਜ਼ਾ ਕਿਸੈ ਦਾ ਕੀਤਾ, ਸੋ ਰੋਜ਼ਹੁ ਘਤੇ ਨ ਖਾਲੀ
ਸਭਸੈ ਦਾ ਪ੍ਰਤਿਪਾਲਕ ਸਾਈਂ, ਮਾਤ ਪਿਤਾ ਦੀ ਚਾਲੀ
ਜਿਨ੍ਹਾਂ ਭਰੋਸਾ ਸਾਈਂ ਦਾ ਕੀਤਾ, ਤਿਨ੍ਹਾਂ ਹੋਈ ਬਹੁਤ ਖੁਸ਼ਹਾਲੀ
ਲਖਾਂ ਨੂੰ ਦੇ ਖਾਵਨਿ ਚੂਹੜ, ਜੇਹੜੇ ਰੱਬ ਦੇ ਸੁਆਲੀ ।੧।

ਜਿਨ ਗਾਲੀਂ ਸ਼ਹੁ ਥੀਵੈ ਰਾਜ਼ੀ, ਮੈਨੂੰ ਸਈਆਂ ਕਰਨ ਨ ਦੇਵਣ
ਪਲੰਘ ਨ ਪਹੁੰਚਾਂ ਥੀਵਾਂ ਲਾਜਮ, ਮੈਂਕੂੰ ਸਾਈ ਮਤ ਦੇਵਣ
ਅਠੇ ਪਹਿਰ ਲਾਗੂ ਹੁਇਰਹੀਆਂ, ਮੈਂਡੀ ਪਲਕ ਨ ਕੁਈ ਛੁੜੇਵਣ
ਚੂਹੜ ਸਹੀਆਂ ਸ਼ਹੁ ਦੀ ਮੂਰਤ, ਮੈਨੂੰ ਮੂਲ ਨ ਵੇਖਣ ਦੇਵਣ ।੨।

ਸਾਈਆਂ ! ਹਾਰ ਤੁਟੇ ਅਧ ਵਿਚੋਂ, ਸਭ ਥੀਵਨ ਲਾਲ ਅਜਾਈਂ
ਜੇ ਜਾਣਾਂ ਹਾਰੀ ਨੂੰ ਹਾਰ ਹਰੇਂਦਾ, ਤਾਂ ਹਾਰੈ ਹੱਥ ਨ ਲਾਈਂ
ਹਿਕ ਦੁਹਾਗਣਿ ਬਿਆ ਜਗ ਦੀ ਸ਼ੁਹਰਤ, ਕਿਤ ਕੁ ਸਿਰ ਤੇ ਚਾਈਂ
ਚੂਹੜ ਮਨ ਵਧੇ ਦੀਆਂ ਮਾਰਾਂ, ਮੈਂ ਮੁੱਠੀਆਂ ਬੇਪ੍ਰਵਾਹੀਂ ।੩।

ਹਰਦਮ ਯਾਦ ਸਾਈਂ ਨੂੰ ਕਰਦੇ, ਇਸ ਕਾਰੋਂ ਕਦੀ ਨ ਚੁਕਦੇ
ਅਠੇ ਪਹਿਰ ਹਜ਼ੂਰੀ ਹੋਇ, ਸਾਹਿਬ ਅੱਗੇ ਝੁਕਦੇ
ਦਿਲ ਤਉਂ ਖੁਦੀ ਨਸਾਈ ਰਖਦੇ, ਖਉਫ਼ ਰਬਾਣੇ ਸੁਕਦੇ
ਚੂਹੜ ਰਾਜ ਸਨਾਖ਼ਤ ਹੋਇ, ਜ਼ਿਕਰੋਂ ਮੂਲ ਨ ਉਕਦੇ ।੪।

ਹਮੂ ਜਹਾਨ ਕੂੜ ਦਾ ਬਣਿਆ, ਹਿਕ ਜ਼ਿਕਰ ਫਿਕਰ ਸੱਚ ਦਿਸੇ
ਸਾਈਂ ਕਰਮ ਜਿਨ੍ਹਾਂ ਤੇ ਕੀਤਾ, ਤਿਨ੍ਹਾਂ ਦੇ ਆਇਆ ਹਿਸੇ
ਸਚੀ ਸਿਫ਼ਤ ਸਾਈਂ ਦੀ ਕਰਦੇ, ਨ ਵਿਸਾਰਨ ਵੇਲੇ ਕਿਸੇ
ਚੂਹੜ ਦਮ ਦਮ ਨਾਲ ਸਮਾਲੇ, ਮਜ਼ਾ ਆਇਆ ਹੈ ਜਿਸੇ ।੫।

ਸਭਨਾਂ ਸਖੀਆਂ ਦਾ ਸ਼ਹੁ ਸਾਈਂ, ਸਭੇ ਰੂਪ ਦੀਆਂ ਭਰੀਆਂ
ਸਭੇ ਸ਼ਹੁ ਕੂੰ ਰਵਿਆ ਲੋੜਨ, ਸਭੇ ਘਰ ਵਿਚ ਧਰੀਆਂ
ਇਕ ਦੂੰ ਇਕ ਚੜ੍ਹੰਦੀਆਂ ਸਭੇ, ਜਿਉਂ ਮੋਤੀਆਂ ਦੀਆਂ ਸਰੀਆਂ
ਜੇਹੜੀਆਂ ਸ਼ਹੁ ਕੂੰ ਭਾਵਨ ਚੂਹੜ, ਸੇ ਸੇਜੈ ਜਾਇ ਚੜ੍ਹੀਆਂ ।੬।

ਇਹ ਮਨ ਭੌਰ ਗੁਲਰੁਖ ਸਾਈਂ ਦਾ, ਲੈ ਲੈ ਬਾਸ ਨ ਰੱਜੇ
ਦਮ ਦਮ ਨਾਲਿ ਸਮਾਲੇ ਸੋ ਸ਼ਹੁ, ਹੋਇ ਉਦਾਸ ਨ ਤਜੇ
ਜੀਵਣ ਮਰਣ ਭੌਰਾਂ ਦਾ ਗੁਲ ਵਿਚ, ਗੁਲ ਥੀਂ ਭੌਰ ਨ ਭਜੇ
ਚੂਹੜ ਨਾਲ ਸਾਈਂ ਦੇ ਰੱਤਿਆਂ, ਭੌਰ ਨਿਆਈਂ ਸਜੇ ।੭।

ਸਾਈਂ ਕੰਨੂੰ ਜੁ ਜ਼ੌਕ ਨ ਮੰਗਦੇ, ਤੇ ਸ਼ੌਕ ਨ ਮੰਗਦੇ ਸਾਚੀ
ਤਿਨ੍ਹਾਂ ਨਰਾਂ ਦੀ ਉਮਰ ਅਜਾਈਆਂ, ਮਦਮਾਤੇ ਦੁਨੀਆਂ ਕਾਚੀ
ਸੋ ਦੁਨੀਆ ਕਿਸੇ ਨਾਲ ਨ ਸਾਥੀ, ਪੰਡਤ ਕਥਾ ਇਹੁ ਵਾਚੀ
ਚੂਹੜ ਰੇਤ ਦਾ ਵਣਜ ਨ ਕੋਈ, ਭਲਾ ਵਣਜ ਲੌਂਗ ਤੇ ਲਾਚੀ ।੮।

ਅਸੀਂ ਕੁਤੇ ਗਲੀ ਤੁਸਾਡੀ ਦੇ, ਕਿਤੇ ਹੋਰਤੁ ਜਾਣ ਨ ਭਾਂਦਾ
ਪਰਛਾਵਾਂ ਮਹਿਲਾਂ ਤੇਰਿਆਂ ਦਾ, ਅਸਾਂ ਉਹ ਬਹੁਤ ਸੁਖਾਂਦਾ
ਜੇਹਾ ਕਦਰ ਅਸਾਡਾ ਦੇਖਹਿ, ਤੂੰ ਤੇਹਾ ਟੁਕੜਾ ਪਾਂਦਾ
ਚੂਹੜ ਤੂੰ ਰੱਬ ਸ਼ਾਹ ਸ਼ਾਹਾਂ ਦਾ, ਸਭਸੈ ਨੋ ਦੇ ਖਾਂਦਾ ।੯।

ਜੋ ਨਰ ਮੂੰਹ ਤੇ ਮਿਠਾ ਬੋਲਨ, ਪਿਛੋ ਕਰਨ ਪਚਾਰਾਂ
ਤਿਨਾਂ ਨਰਾਂ ਥੀਂ ਦੂਰਹੁ ਨੱਸੀਐ, ਗੁਝੀਆਂ ਕਰਦੇ ਮਾਰਾਂ
ਸਾਹਿਬ ਖ਼ੌਫ ਨ ਰਤੀ ਉਨ ਕਉ, ਕਿਸੇ ਦਿਲ ਅਜ਼ੀਜ਼ ਨ ਯਾਰਾਂ
ਦੂਹੜ ਉਹੋ ਲਹਿਨ ਸਜ਼ਾਈਂ, ਜਿਹੜਿਆਂ ਵਿਚਨ ਚੋਰਾਂ ਯਾਰਾਂ ।੧੦।

ਕਰ ਸ਼ਿੰਗਾਰ ਦਿਖਾਵੇ ਸਾਧਨ, ਲਾਵੈ ਮੁਸ਼ਕ ਸੁ ਬਾਸਾ
ਰੇਸ਼ਮ ਤੇ ਗਹਿਣੇ ਬਹੁ ਪਹਿਰੈ, ਰੂਪ ਬਣਾਵੈ ਖ਼ਾਸਾ
ਸੇਜ ਅਡੰਬਰ ਸਾਰਾ ਜੋੜੇ, ਰਤੀ ਘਟ ਨ ਮਾਸ਼ਾ
ਦੂਹੜ ਸਭੇ ਅਜਾਇਆਂ ਹੋਏ, ਜਾਂ ਨ ਸ਼ਹੁ ਕੀਤਾ ਪਾਸਾ ।੧੧।

ਸਾਈਂ ਵਾਲੇ ਸੁਖ ਨ ਸਉਂਦੇ, ਤੇ ਰੱਜ ਨ ਖਾਂਦੇ ਰੋਟੀ
ਔਰਤ ਵੇਖਿ ਉਇ ਨਾਹਿ ਲੁਭੀਵਨ, ਚਾੜ੍ਹੀ ਅਸਲ ਲੰਗੋਟੀ
ਮਨ ਥੂੰ ਸਭ ਮਨਵਾਵਣ ਅਪਣੀ, ਸੱਚ ਦੀ ਮਾਰ ਕਸੌਟੀ
ਦੂਹੜ ਸਾਈਂ ਵਾਲਾ ਕੋਈ ਇਕ ਅੱਧ, ਹੋਰ ਖਲਕਤ ਸਭਾ ਖੋਟੀ ।੧੨।

ਖੋਟੇ ਬਹੁਤ ਖਰਾ ਕੋਈ ਇਕ ਅੱਧ, ਖਾਲਕ ਪਾਕ ਅਬਦਾਲਾ
ਜੋ ਅੰਦਰ ਬਾਹਰ ਹਾਜ਼ਰ ਜਾਣੈ, ਕਾਦਰ ਕੁਦਰਤ ਵਾਲਾ
ਰੰਮ ਅਪਣਾ ਸਾਈਂ ਨਾਲ ਰੱਖੈ, ਛੋੜੇ ਲੋਕ ਵਿਖਾਲਾ
ਦੂਹੜ ਲੱਖ ਬਲਾਈਂ ਤਿਸ ਥੀਂ, ਕਰ ਗਈਆਂ ਸਭ ਉਚਾਲਾ ।੧੩।

ਸਾਈਂ ਦੀ ਲਾਤ ਜਿਨ੍ਹਾਂ ਨੂੰ ਲੱਗੀ, ਤਿਨਾਂ ਵਿਸਰ ਗਈਆਂ ਹੋਰ ਲਾਤਾਂ
ਅਠੇ ਪਹਿਰ ਚਿੰਤਾ ਸਾਈਂ ਦੀ, ਸਾਈਂ ਦੀਆਂ ਕਰਦੇ ਤਾਤਾਂ
ਮਨ ਵਿਚ ਸਾਈਂ ਤਨ ਵਿਚ ਸਾਈਂ, ਸਾਈਂ ਦੀਆਂ ਕਰਦੇ ਬਾਤਾਂ
ਦੂਹੜ ਸਾਈਂ ਵਾਲੇ ਜਾਨਣ, ਸਾਈਂ ਦੇ ਮਿਲਣ ਦੀਆਂ ਘਾਤਾਂ ।੧੪।

ਸਾਈਂ ਦਾ ਪਾਸਾ ਹੈ ਬਹੂੰ ਚੰਗਾ, ਸਾਈਂ ਨਾਲਿ ਲਗਿ ਜੀਵੈ
ਲੋਕ ਪਰਲੋਕ ਵਿਚ ਸਾਈਂ ਪਕਰੇ, ਜੇ ਸਾਈਂ ਦਾ ਥੀਵੈ
ਜਿਨ੍ਹਾਂ ਦਿਲ ਦਿਤਾ ਤਿਨਾਂ ਦਿਲਬਰ ਲਿਤਾ, ਨ ਹੋਰ ਉਗਾਹੁ ਪੁਛੀਵੈ
ਚੂਹੜ ਖਰਾ ਖਜ਼ਾਨੇ ਪਾਈਐ, ਖੋਟਾ ਸੁਟ ਘਤੀਵੈ ।੧੫।

ਸਿਧਾ ਤੁਰ ਸਾਈਂ ਦੇ ਪਾਸੇ, ਹੋਰ ਸਭੇ ਛਡ ਪਾਸੇ
ਹਿਕਾ ਆਸ ਧਨੀ ਦੀ ਰੱਖ ਤੂੰ, ਹੋਰ ਸਭੋ ਛਡ ਆਸੇ
ਮਾਇਆ ਮੋਹ ਸਭ ਕੂੜ ਪਸਾਰਾ, ਜਨਮ ਗਵਾਇ ਨ ਹਾਸੇ
ਅਜ ਕਲ ਚਲਣ ਚਿਤ ਰਖ ਚੂਹੜ, ਰਹੁ ਸਾਹਿਬ ਭਰਵਾਸੈ ।੧੬।

ਲਾ ਮਕਾਨ ਵਿਚ ਘਤ ਜਿਨ੍ਹਾਂ ਅੜਿਆ, ਸੋ ਹੋਇਆ ਬਹੁਤ ਸੁਖਾਲਾ
ਸਾਈਂ ਵਾਲੀਆਂ ਮੌਜਾਂ ਮਾਣਨ, ਪੀ ਕਰ ਪ੍ਰੇਮ ਪਿਆਲਾ
ਸਚਾ ਤਖ਼ਤ ਪਾਤਸ਼ਾਹ ਭੀ ਸੱਚਾ, ਸੱਚੀ ਉਮਤ ਵਾਲਾ
ਚੂਹੜ ਅੰਮ੍ਰਿਤ ਰਹਿਮਤ ਸੋਈ, ਜਾਂ ਲੱਭਾ ਨੁਕਤਾ ਕਾਲਾ ।੧੭।

ਚਾਰ ਦਿਵਸ ਕਾ ਪਾਹੁਨ ਪ੍ਰਾਣੀ, ਆਸਾਂ ਕਰਦਾ ਈ ਵੱਡੀਆਂ
ਪਾਸਹੁੰ ਦੇਖੇ ਸਭ ਲਡੀਂਦੀ, ਦੇਖ ਕਰੇਂਦਾ ਠੱਡੀਆਂ
ਮਾਤ ਪਿਤਾ ਜਿਨ ਇਸ ਕੂੰ ਜਣਿਆ, ਤਿਨਾਂ ਭਿ ਛੋਕਾਂ ਲੱਡੀਆਂ
ਚੂਹੜ ਧੀਆਂ ਨ ਪੇਕੇ ਰਹਿਣਾ, ਸਾਹੁਰੜੇ ਘਰਿ ਸੱਡੀਆਂ ।੧੮।

ਸਾਈਂ ਵਾਲਿਆਂ ਨੂੰ ਸਾਈਂ ਦੀਆਂ ਗੱਲਾਂ ਸੁਖਾਵਨ, ਹੋਰ ਨ ਕਾਈ ਭਾਂਦੀ
ਸਾਈਂ ਦੀ ਪੈਂਠ ਲਗੀ ਉਨ੍ਹਾਂ ਮਨ ਵਿਚ, ਹੋਰ ਨ ਵਥੁ ਅਘਾਂਦੀ
ਸਾਈਂ ਭਿ ਸੱਚਾ ਸਾਈਂ ਵਾਲੇ ਭਿ ਸੱਚੇ, ਹੋਇ ਮਿਲੇ ਚਾਂਦੀ ਕਉ ਚਾਂਦੀ
ਚੂਹੜ ਪਰਖ ਖਜ਼ਾਨੇ ਪਾਏ, ਕਾਈ ਘੱਟ ਨ ਗੱਲ ਤਿਨ੍ਹਾਂ ਦੀ ।੧੯।

ਕੀਤਾ ਕਰਮ ਅਸਾਂ ਤੇ ਸਾਈਂ, ਮੁਰਸ਼ਦ ਮਿਲਿਆ ਕਾਮਲ
ਪਹੁੰਚੇ ਵੀਂਢ ਮੁਕਾਮ ਮਉਲੇ ਦੇ, ਘੁਲ ਮਿਲ ਹੋਏ ਘਾਮਲ
ਅਉਖੀਆਂ ਘਾਟੀਆਂ ਲੰਘ ਪਿਆ ਸੇ, ਭਲਾ ਹੋਇਆ ਪਿਰ ਸ਼ਾਮਲ
ਚੂਹੜ ਮਗਰ ਵੁਠਾ ਬਹੁ ਖਾਸਾ, ਅਦਲੀ ਬੈਠਾ ਆਮਿਲ ।੨੦।

ਹਰਦਮ ਖਾਲਕ ਯਾਦ ਜਿਨ੍ਹਾਂ ਨੂੰ, ਕਿਉਂ ਕੱਢਣ ਲੋਕਾਂ ਦੀਆਂ ਕਾਣਾਂ
ਹਥ ਜਿਨ੍ਹਾਂ ਦੇ ਪਾਰਸ ਚੜ੍ਹਿਆ, ਕਿਉਂ ਮੰਗਣ ਦਾਣਾ ਦਾਣਾ
ਜੋ ਚਿਤਵਨ ਸੋ ਸਾਹਿਬ ਮੰਨੇ, ਸਭ ਕਰੇ ਤਿਨ੍ਹਾਂ ਦਾ ਭਾਣਾ
ਉਹ ਰੱਖਾਣੇ ਰੱਬ ਤਿਨ੍ਹਾਂ ਦਾ, ਜਿਨ੍ਹਾਂ ਛਡਿਆ ਹੱਥੋਂ ਮਾਣਾ ।੨੧।

ਅੰਗਿਆਰੀ ਦੀ ਯਾਰੀ ਕਰਕੇ, ਸਾਈਂ ਨਾਲਿ ਵਿਗਾੜੀ
ਲਖ ਵਿਟਹੁੰ ਕੱਖ ਪੱਲੇ ਪਾਇਆ, ਦੀਨ ਉਪਰਿ ਦੁਨੀ ਵਿਸਾਰੀ
ਰਾਹੇ ਅੱਕ ਬੰਬੂਲ ਧਤੂਰੇ, ਵਾੜੀ ਦਾਖ ਉਜਾੜੀ
ਚੂਹੜ ਚੰਗੀ ਅਮਲਾਂ ਬਾਝਹੁੰ, ਜਿੰਦ ਕਢਸਨ ਕੱਟਿ ਕਿਆੜੀ ।੨੨।

ਇਸ ਬੰਦੇ ਦਾ ਕਿਆ ਕੁਝ ਖਾਣਾ, ਸਾਈਂ ਵਡੇ ਸ਼ਿਕਮ ਭਰੇਂਦਾ
ਹਮੂੰ ਜਹਾਨ ਦੀ ਕੂਤ ਗੁਜ਼ਾਰੀ, ਇਕ ਜਨਾਵਰ ਲੈਂਦਾ
ਤਿਸ ਜਨਾਵਰ ਜੇਹੇ ਕੇਈ ਸਾਈਂ, ਕੀੜੀਆਂ ਵਾਂਗੁ ਪਲੇਂਦਾ
ਚੂਹੜ ਹਿਰਸ ਭਵਾਵੈ ਤੈਨੂੰ, ਭੁਖ ਸ਼ੈਤਾਨ ਮਰੇਂਦਾ ।੨੩।

ਹਰ ਇਕ ਹਿਕ ਨਜ਼ਰ ਵਿਚ ਰੱਖੇ, ਉਥੇ ਰਾਹੁ ਨਹੀਂ ਫਰਮੋਸ਼ੀ
ਖੁਰਦਨ, ਆਬ, ਪੁਸ਼ੀਦਨ ਤ੍ਰੈਈ, ਕਹੀਂ ਆਣ ਸਬੱਬੋ ਦੇਸੀ
ਹੋਇਆ ਜ਼ਾਮਨ ਜਹਾਨ ਸਾਰੇ ਦਾ, ਇਸ ਕਾਰਣ ਪੁਛ ਨ ਜੋਸ਼ੀ
ਚੂਹੜ ਰਾਜ਼ਕ ਕਾਦਰ ਮਉਲਾ, ਦੇਸੀ ਕੂਤ ਜੋ ਹੋਸੀ ।੨੪।

ਖੁਦੀ ਮੈਂਡੀ ਦਲਦਲ ਹੁਇ ਢੁੱਕੀ, ਅਸੀਂ ਇਸ ਵਿਚ ਫਾਥੇ ਮੂੰ
ਕੱਢਣ ਵਾਲਾ ਤੂੰਹੀ ਸੁਝਦਾ, ਅਸੀਂ ਗਿਰੇ ਕੂਪ ਵਿਣ ਖੂਹੇ
ਮੈਂਡੀ ਵੈਰਣ ਮਹੀਆ ਤੈਂ ਉਪਜੀ, ਉਹ ਦੇਹ ਤਾਇ ਕਰ ਸੂਏ
ਚੂਹੜ ਹਥਿ ਕਟਾਰੀ ਕਰਕੈ, ਮਾਰ ਆਪ ਕਉ ਘਾਇਲ ਹੂਏ ।੨੫।

ਨ ਅਸੀਂ ਸ਼ੇਖ ਮਸਾਇਕ ਹਾਜੀ, ਨ ਅਸੀਂ ਕਾਜ਼ੀ ਸੁੰਨੀ
ਨ ਅਸੀਂ ਪਾਕ ਅਬਦਾਲ ਸਦੇਂਦੇ, ਨ ਅਸੀਂ ਪਾਪੀ ਪੁੰਨੀ
ਨ ਅਸੀਂ ਜ਼ਾਤ ਸਿਫਾਤਾਂ ਜਗ ਦੀਆਂ, ਨ ਅਸੀਂ ਤਸਕਰ ਖੂੰਨੀ
ਚੂਹੜ ਬੰਦੇ ਅਸੀਂ ਕੀਤੇ ਤੇਰੇ,ਹੋਰ ਨਾਉਂ ਧਰੇ ਭੂਲ ਚੁੰਨੀ ।੨੬।

ਸਭੇ ਜੀਆ ਹਿਕੋ ਦੀਆਂ ਸਖ਼ੀਆਂ, ਹਿਕੋ ਕੰਤ ਸਬਾਈਆਂ
ਜਿਨ੍ਹਾਂ ਤੇ ਮਿਹਰ ਖਸਮ ਦੀ ਹੋਈ, ਸੇ ਸਾਹਿਬ ਅੰਗ ਲਾਈਆਂ
ਹਾਰ ਸ਼ਿੰਗਾਰ ਸਭੇ ਕਰ ਖਲੀਆਂ, ਸਭ ਰਾਵਿਆ ਲੋੜਨ ਸਾਂਈਆਂ
ਜਿਨ੍ਹਾਂ ਨੂੰ ਆਪ ਵਡੇਰੇ ਚੂਹੜ, ਸੇ ਕਹੀਅਨਿ ਸਭਰਾਈਆਂ ।੨੭।

ਬੇਪਰਵਾਹ ਸਭਨਾਂ ਦਾ ਸਾਂਝਾ, ਜਿਸ ਭਾਗ ਖੁਲ੍ਹਨ ਤਿਸ ਰਾਵੈ
ਸਾਈ ਸੁਖੀ ਸੁਹਾਗਣਿ ਭਾਗਣਿ, ਜਿਸਨੋ ਹੁਕਮ ਮਨਾਵੈ
ਸ਼ਹੁ ਰੀਝਾਵਣ ਦੀ ਜਿਸ ਅਟਕਲ, ਤਿਸ ਦੀ ਸੇਜ ਸੁਹਾਵੈ
ਚੂਹੜ ਜਿਸ ਧਨ ਆਪ ਗਵਾਇਆ, ਤਿਸਦੇ ਬਖ਼ਰੇ ਆਵੈ ।੨੮।

ਰੂਪਵਾਨ ਸੁੰਦਰ ਸਾ ਸਾਈ, ਜਿਸ ਦੀ ਤੂ ਮੰਨ ਲੇਵਹਿੰ
ਸਾ ਕੁਲਵੰਤੀ ਸਾ ਸਭਰਾਈ, ਜਿਸਨੋ ਆਦਰ ਦੇਵਹਿੰ
ਜੋ ਤਉ ਭਾਣੀ ਸਾ ਸਭਸੈ ਭਾਣੀ, ਸਭ ਤਿਸਹੀ ਕਉ ਸੇਵਹਿੰ
ਚੂਹੜ ਕੰਤ ਜਿਨ੍ਹਾਂ ਦੇ ਬਖ਼ਰੇ, ਸੇ ਚੋਲੇ ਮੂਲ ਨ ਮੇਵਹਿੰ ।੨੯।

ਤ ਤ ਕ ਰਾ

ਭੂਮਿਕਾ ੧
੧ ਸ੍ਰੀ ਗੁਰੂ ਗੋਬਿੰਦ ਸਿੰਘ ੨੧
੨ ਬਿਹਾਰੀ ੨੨
੩ ਆਡਾ ੩੨
੪ ਜਾਦੋ ਰਾਇ ੩੨
੫ ਨਨੂਆ ੩੩
੬ ਮਨੀ ਰਾਮ ੩੩
੭ ਭਗਤੂ ੩੩
੮ ਫਤਮੱਲ ੩੪
੯ ਲਾਲ ਦਾਸ ੩੬
੧੦ ਕੇਸ਼ੋ ੪੦
੧੧ ਤਾਜਾ ੪੩
੧੨ ਨੂਰ ਜਮਾਲ ੪੩
੧੩ ਮੋਦਨ ੪੪
੧੪ ਮਹਾਂਨੰਦ ੪੪
੧੫ ਗਿਆਨਾਨੰਦ ੪੫
੧੬ ਸਾਈਂ ਦਾਸ ੪੫
੧੭ ਗੋਕਲ ੪੬
੧੮ ਬਿੰਦ੍ਰਾ ੪੬
੧੯ ਬਾਲਮੀਕ ੪੭
੨੦ ਸਿਆਮ ੪੮
੨੧ ਵਲੀ ਰਾਮ ,,
੨੨ ਤੇਜ ਭਾਨ ,,
੨੩ ਦੇਵ ੪੯
੨੪ ਭਗਵਾਨ ੫੧
੨੫ ਮਹਾਂ ਸਿੰਘ ,,
੨੬ ਸੂਰਦਾਸ ੫੨
੨੭ ਮੰਗਾਰਾਮ ੫੨
੨੮ ਭਾਵਨ ੫੩
੨੯ ਫਾਜ਼ਲ ੫੪
੩੦ ਵਜੀਦ ,,
੩੧ ਕਾਸਮ ੫੫
੩੨ ਬਖਸ਼ ,,
੩੩ ਬਨਵਾਰੀ ,,
੩੪ ਜਹਾਂਗੀਰੀ ੫੬
੩੫ ਲਾਹੜਿ ,,
੩੬ ਉਤਮ ੫੭
੩੭ ਖ਼ੁਲਦੀ ,,
੩੮ ਜਾਨ ਮੁਹੰਮਦ ,,
੩੯ ਨਈਮ ੫੮
੪੦ ਤੱਯਬ ,,
੪੧ ਸੰਤ ਦਾਸ ਤਪਸੀ ੫੯
੪੨ ਗੁਆਲ ਭਗਤ ੬੮
੪੩ ਗੁਨਕਾਰੀ ੭੪
੪੪ ਬਾਕੀ ੮੧
੪੫ ਚੂਹੜ ੮੨
੪੬ ਮਨਹਰਦਾਸ ੯੩
੪੭ ਨਿਰੰਕਾਰ ੯੫
੪੮ ਸੇਵਾਦਾਸ ੯੭
੪੯ ਸੁਰਜਣਦਾਸ ਆਜ਼ਾਦ ੧੦੪
੫੦ ਸਾਵਨ ਯਾਰ ੧੦੫
੫੧ ਬੁਧ ਸਿੰਘ ੧੧੧
੫੨ ਸੰਤਰੇਣ ੧੧੭
ਫੁਟਕਲ ਮਾਝਾਂ ੧੪੯

ਸਾਈਂ ਦੇ ਰਾਹ ਵਿਚ ਲੱਖ ਬਲਾਈਂ, ਅਸਾਂ ਨੋ ਮਿਲਣ ਨ ਦੇਂਦੀਆਂ
ਇਹੁ ਮਨੁ ਮੈਂਡਾ ਮਿਲਿਆ ਲੋੜੇ, ਵਲ ਪਿਛਾਂਹ ਫੇਰ ਸਟੇਂਦੀਆਂ
ਹਿਰਸ ਹਵਾਇ ਬਖੀਲੀ ਨਿੰਦਾ, ਸਾਈਂ ਥਾਂ ਵਿਥ ਪਏਂਦੀਆਂ
ਚੂਹੜ ਮੁਰਸ਼ਦ ਕਾਮਿਲ ਮਿਲਿਆ, ਸਭ ਭੰਨ ਜ਼ੋਰ ਕਿਚੇਂਦੀਆਂ ।੩੦।

ਸਾਈਂ ਵਲ ਜਿਨ੍ਹਾਂ ਦੇ ਹੋਇਆ, ਨਾਲ ਤਿਨ੍ਹਾਂ ਲੱਖ ਲਸ਼ਕਰ
ਉਨ੍ਹਾਂ ਨੋ ਬਾਣ ਨ ਲਗੇ ਕੋਈ, ਤੋੜੇ ਮਾਰੀਅਹਿ ਕਸ ਕਰ
ਕਰਤੇ ਨਾਲ ਨ ਕੀਤਾ ਫਰਸ਼ੀ, ਭਜ ਜਾਹਿ ਲਖ ਤਸਕਰ
ਚੂਹੜ ਸਾਈਂ ਦੇ ਵਲ ਹੋਇਆਂ, ਮੌਤ ਭੀ ਮਿਲਸੀ ਹੱਸ ਕਰ ।੩੧।

ਕਰਤੈ ਨਾਲ ਨ ਕੀਤਾ ਪਹੁੰਚੈ, ਤੋੜੇ ਚੰਦ ਸੂਰਜ ਨੋ ਬੰਨ੍ਹੇ
ਧਰਤੀ ਕਉ ਇਕ ਗ੍ਰਾਸ ਬਣਾਵੈ, ਵੰਞਿ ਇੰਦ੍ਰ ਵਜ੍ਰ ਨੂੰ ਭੰਨੇ
ਖੇਹਨੂੰ ਵਾਂਗੁ ਸੁਮੇਰ ਉਲਾਰੈ, ਲੈ ਜਮ ਗਣ ਕਉ [illegible]
ਕਰਤੇ ਕਉ ਕੀੜਾ ਦਿਸ ਆਵੈ, ਚਾਇ ਚੰਚੀ ਸਿਉ ਤਿਸ ਹੰਨੇ ।੩੨।

ਸਾਈਂ ਕੂਕ ਜਿਨ੍ਹਾਂ ਦੀ ਸੁਣਦਾ, ਸੋ ਕਿਉਂ ਦੁਖੀਏ ਹੋਵਨਿ
ਅਠੇ ਪਹਿਰ ਉਨ੍ਹਾਂ ਦਾ ਰਾਖਾ, ਉਹ ਦੁਖ ਭਰ ਕਦੀ ਨ ਰੋਵਨਿ
ਜਿਉਂ ਜਿਉਂ ਪਖ ਸਾਈਂ ਦੇ ਵੇਖਣ, ਤਿਉਂ ਤਿਉਂ ਹਉਮੈ ਖੋਵਨਿ
ਚੂਹੜ ਹਥ ਜਵਾਹਰ ਆਏ, ਉਹ ਘਰ ਬਹਿ ਹਾਰ ਪਰੋਵਨ ।੩੩।

ਜਿਨ੍ਹਾਂ ਨ ਦਿਲ ਸਾਈਂ ਨੂੰ ਦਿਤਾ, ਤੇ ਰਹਿਣ ਹਮੇਸ਼ ਕੁਮਲਾਣੇ
ਸਚਾ ਰਾਹੁ ਨ ਥੀਵੇ ਸੂੰਹੇ, ਤ੍ਰਿਸ਼ਨਾ ਅਉਝੜ ਮਾਣੇ
ਕਾਮ ਕ੍ਰੋਧ ਲੋਭ ਵਿਚ ਜੁਟੇ, ਕਰਦੇ ਮਨ ਦੇ ਭਾਣੇ
ਚੂਹੜ ਸਾਈਂ ਵਾਲੀਆਂ ਮਉਜਾਂ ਥੀਂ, ਖਾਲੀ ਰਹੇ ਨਿਮਾਣੇ ।੩੪।

ਜੋ ਸਾਈਂ ਕੰਨੂੰ ਕਾਫ਼ਰ ਹੋਏ, ਕਰਦੇ ਕੰਮ ਅਵੱਲੇ
ਖ਼ੁਦ ਪਸੰਦ ਕਿਸੇ ਗਬਰ ਨ ਆਣਨ, ਤੁਰਨ ਨ ਰਾਹ ਸਵੱਲੇ
ਦੁਨੀਆਂ ਵਾਲਿਆਂ ਦੀਆਂ ਕਾਣਾਂ ਕੱਢਦੇ, ਨਾਤੇ ਸਾਈਂ ਦੇ ਝੂਕ ਨ ਦੇਂਦੇ
ਚੂਹੜ ਆਪ ਕਊ ਚੰਗਾ ਸਦਾਇਨ, ਹੈਨ ਮੁਲਕ ਦੇ ਝੱਲੇ ।੩੫।

ਦਿਲ ਵਿਚ ਦੁਨੀਆਂ ਡੇਰੇ ਪਾਏ, ਮੱਲ ਬੈਠੀ ਸਭ ਜਾਈਂ
ਦਿਲ ਦੁਨੀਆਂ ਦੁਨੀਆਂ ਦਿਲ ਹੋਈ, ਏਕਮੇਕ ਕੀਏ ਸਾਈਂ
ਸਭ ਸਰਬੰਸ ਬੰਦੇ ਦਾ ਲੁਟਿਆ, ਜ਼ਰਾ ਨ ਤਰਸ ਆਇਆ ਈ
ਚੂਹੜ ਬੰਦਾ ਛਪ ਗਿਆ, ਬਣ ਬੈਠੀ ਆਪ ਘਰਾਈਂ ।੩੬।

ਪਾਕ ਮੁਹੱਬਤ ਸਾਈਂ ਵਾਲੀ, ਤਿਸਥੂੰ ਦੁਨੀਆਂ ਡਰਦੀ
ਹੋਰ ਨ ਡਰ ਇਹ ਕਿਸੇ ਦਾ ਮੰਨੇ, ਉਲਟਾ ਅਪਣਾ ਕਰਦੀ
ਸਾਈਂ ਵਾਲਿਆਂ ਅਗੇ ਹੱਥ ਬੰਨ੍ਹ ਕਰਿ, ਅਰਜ਼ ਨਿਮਾਣੀ ਕਰਦੀ
ਚੂਹੜ ਸਾਈਂ ਦਾ ਕਰਮ ਜਿਨ੍ਹਾਂ ਤੇ ਹੋਇਆ, ਰਹੀ ਤਿਨ੍ਹਾਂ ਦੀ ਬਰਦੀ ।੩੭।

ਦੁਖ ਖਰੀਦ ਕਰੇਂਦੇ ਨੇਹੀ, ਹੋਰ ਨ ਭਾਵਨ ਕਿਸੈ
ਸਾਰੀ ਖਲਕ ਸੁਖਾਂ ਦੀ ਤਾਲਿਬ, ਦੁਖ ਆਏ ਨੇਹੀ ਦੇ ਹਿਸੈ
ਨੇਹੀ ਸਹਿਨ ਦੁਖਾਂ ਦੀਆਂ ਮਾਰਾਂ, ਨਾਹੀਂ ਕਮ ਦਿਲ ਲਿਸੈ
ਚੂਹੜ ਸਭ ਮੁਰਾਦਾਂ ਹਾਸਲ; ਲਗਨ ਮਿਠੇ ਦੁਖ ਜਿਸੈ ।੩੮।

ਜਿਨ੍ਹਾਂ ਦੁਖਾਂ ਨੂੰ ਚੁੰਮ ਸਿਰ ਧਰਿਆ, ਤੇ ਆਸ਼ਕ ਰੱਬ ਭਾਂਦੇ
ਖਾਸੇ ਮਹਿਲ ਸ਼ਨਾਖ਼ਤ ਹੋਏ, ਉਹ ਚਲੇ ਉਤੇ ਵਲ ਜਾਂਦੇ
ਦੁਖਾਂ ਕਰਕੇ ਮਉਲੇ ਭਾਣੇ, ਸੱਚੇ ਗਾਵਣ ਗਾਂਦੇ
ਚੂਹੜ ਜਗ ਦੇ ਖਾਵਣ ਛੋੜੇ, ਰੱਬ ਦੇ ਖਾਵਣ ਖਾਂਦੇ ।੩੯।

ਮਨ ਵਿਚ ਸਾਈਂ ਤਨ ਵਿਚ ਸਾਈਂ, ਹਿਤ ਸਾਈਂ ਨਾਲ ਗੱਲ ਕਰਦੇ
ਸਾਈਂ ਨਾਲ ਰਲ ਬੈਠਣ ਉਠਣ, ਸਾਈਂ ਦੇ ਹੋਏ ਬਰਦੇ
ਸਾਈਂ ਬਿਨਾ ਹੋਰ ਕਹੀਂ ਨ ਵੇਖਣ, ਜੇਹੜੇ ਸਾਈਂ ਦੇ ਘਰ ਦੇ
ਚੂਹੜ ਖੜ ਰਜ਼ਾਇ ਸਾਈਂ ਦਾ, ਹੋਇ ਚਾਕਰ ਬੈਠੇ ਦਰ ਦੇ ।੪੦।

ਸਾਈਂ ਦੀਆਂ ਗੱਲਾਂ ਜਿਨ੍ਹਾਂ ਨੂੰ ਮਿਠੀਆਂ, ਸਾਈਂ ਭੀ ਉਹੋ ਮਿਠੇ
ਸਭਸੇ ਦੇ ਮਨ ਨੂੰ ਉਹ ਭਾਵਨ, ਬੁਰੇ ਨ ਕਿਸੇ ਕਿਤੇ
ਜਗ ਵਿਚ ਹੋਰ ਨ ਕੋਈ ਇਜੇਹਾ, ਜਿਹੇ ਸਾਈਂ ਵਾਲੇ ਡਿਠੇ
ਚੂਹੜ ਸਾਈਂ ਨਾਲ ਰਲ ਬੈਠੇ, ਲਿਖਣੋਂ ਰਹਿ ਗਏ ਚਿਠੇ ।੪੧।

ਸਭੇ ਅਰਟ ਤਉਂ ਆਪ ਵਹਾਏ, ਨਰ ਕੂੜੀ ਖੁਦੀ ਕਰੇਂਦੇ
ਇਕ ਦਾਤੇ ਇਕ ਮੰਗਤੇ ਕੀਤੇ, ਇਕ ਲੈ ਲੈ ਕਰ ਫਿਰ ਦੇਂਦੇ
ਜਿਨ੍ਹਾਂ ਦੀ ਨਜ਼ਰ ਤੁਸਾਡੇ ਉਪਰਿ, ਸੇ ਖੁਦੀ ਥੀਂ ਗੁਜ਼ਰ ਜਲੰਦੇ
ਚੂਹੜ ਅਪਣਾ ਕੁਝ ਨ ਜਾਤਾ, ਸਭ ਤੇਰਾ ਖੇਲ ਕਰੇਂਦੇ ।੪੨।

ਕੁਝ ਨ ਗਇਆ ਅਸਾਡਾ ਸਾਈਂ, ਜੇ ਹੋਵੈ ਕਰਮ ਤੁਮਾਰਾ
ਪਿਛੇ ਰਹਿਆ ਅੱਗੇ ਹੁਇ ਜਾਵਹਿ, ਹੋਇ ਸਹਾ ਸਿੰਘ ਕਰਾਰਾ
ਪਿੱਦਾ ਗਹਿ ਬਾਜਾਂ ਨੂੰ ਮਾਰੇ, ਕਾਇਰ ਸੂਰ ਬਿਦਾਰਾ
ਤੇਰੀ ਕ੍ਰਿਪਾ ਕਾ ਪਛ ਪਾਵੈ, ਹੋਇ ਲੱਖਾਂ ਸਿਉਂ ਭਾਰਾ ।੪੩।

ਜੇ ਤੂੰ ਕੂਕ ਨ ਸੁਣਸੀ ਸਾਈਂ, ਤਾਂ ਕੂਕੋਂ ਅਸਾਂ ਨ ਰਹਿਣਾ
ਹੋਰ ਨ ਕੋਈ ਸੁਝਦਾ ਦੂਜਾ, ਜਿਸ ਅਗੇ ਜਾਇ ਕਹਿਣਾ
ਦਾਗ ਦੂੰਬ ਤੇਰਾ ਲਗਾ ਅਸਾਨੂੰ, ਵਲ ਵਲ ਤੁਮ ਸਿਉਂ ਖਹਿਣਾ
ਚੂਹੜ ਮਾਈਂ ਭਾਵੇਂ ਨਹੀਂ ਭਾਵੇ, ਬਾਲ ਮਾਈ ਦੇ ਦਾਵਣ ਛਹਿਣਾ ।੪੪।

ਲਾਹੇਵੰਦੀ ਖੇਪ ਸਾਂਈਂ ਦੀ, ਓਹਾ ਕਦੀ ਨ ਚਾੜ੍ਹੀ
ਜਿਸ ਵਿਚਹੁੰ ਲਾਹਾ ਸਉਣਾ ਨਿਕਲੈ, ਉਜੜੇ ਨਾਹੀਂ ਉਜਾੜੀ
ਦੁਨੀਆਂ ਮੰਦੀ ਖੇਪ ਘਟੇਂਦੀ, ਦਿਹੁੰ ਦਿਹੁੰ ਹੋਵੈ ਮਾੜੀ
ਬੂਹੜ ਹੋਰ ਸਭ ਰਹੇ ਇਥਾਈਂ, ਇਕ ਖੇਪ ਸਚੀ ਸਦ ਆੜੀ ।੪੫।

ਸਾਈਂ ਵਾਲਿਆਂ ਦੀ ਏਹੁ ਨਿਸ਼ਾਨੀ, ਓਹ ਦਿਸਣ ਖਰੇ ਨਿਮਾਣੇ
ਕਿਸੇ ਨਾਲ ਨ ਖਹੁਰੇ ਹੋਂਦੇ, ਸਭਸੈ ਦੇ ਮਨ ਭਾਣੇ
ਵੰਡ ਖਾਵਣ ਤੇ ਮਿਠਾ ਬੋਲਣ, ਦਿਲ ਨ ਕੋਈ ਰੰਞਾਣੇ
ਬੂਹੜ ਖੁਦੀ ਤਕੱਬਰੀ ਉਨ੍ਹਾਂ ਥੀਂ, ਨੱਸ ਗਈ ਵਾਂਗੂ ਟਿਨਾਣੇ ।੪੫।

ਦੁਖਾਂ ਦੀ ਲੱਜ਼ਤ ਸਾਈਂ ਵਾਲੇ ਲੈਂਦੇ, ਸੁਖ ਪੁਰਨ ਉਨ ਕੰਡੇ
ਖਾਵੈ ਅਗਨਿ ਸਮੁੰਦ ਸੁ ਕੀੜਾ, ਹੋਰ ਸਭਾ ਸਿਰ ਛੰਡੇ
ਜਿਉਂ ਜਿਉਂ ਡਾਂਗ ਦੁਖਾਂ ਦੀ ਪਹੁੰਚੇ, ਤਿਉਂ ਤਿਉਂ ਸੁਖ ਮਨ ਮੰਡੇ
ਬੂਹੜ ਦੁਖ ਰੱਬ ਨੇ ਪਹੁੰਚਾਵਣ, ਕਿਸੇ ਵਿਰਲੇ ਆਵਣ ਵੰਡੇ ।੪੭।

ਸਾਈਂ ਦਾ ਰਾਹ ਨ ਤਕੜਾ ਕੀਤਾ, ਰਾਹ ਦੁਨੀਆਂ ਦਾ ਲਗਾ ਮਿੱਠਾ
ਦੁਨੀਆ, ਨਾਲਿ ਲਗ ਜਨਮ ਗਵਾਇਆ, ਕੀਤਾ ਮਾਲ ਇਕੱਠਾ
ਜਦਹੁੰ ਮਾਲ ਵੰਡਣ ਤੇ ਹੋਇਆ, ਤਾਂ ਵੈਂਦਾ ਕਿਸੇ ਨ ਡਿੱਠਾ
ਬੂਹੜ ਲਿਖ ਨ ਦਿਤਾ ਕਿਸੈ ਨੂੰ, ਅਸਥਿਰ ਰਹਿਣ ਦਾ ਚਿੱਠਾ ੪੮।

ਦੁਨੀਆਂ ਦੇ ਸ਼ਾਹੁ ਸਭੋ ਡਿਵਾਲੇ, ਆਪ ਦੁਨੀਆਂ ਰਚੀ ਹੋਈ
ਢਾਹੇ ਉਤੇ ਜੋ ਮਹਿਲ ਉਸਾਰੇ, ਉਹ ਭੀ ਢਾਹਿੰਦੇ ਸੋਈ
ਦੁਨੀਆਂ ਤੇ ਜੋ ਹਾਸਲ ਹੋਵੈ, ਮੈਂ ਥੀਂ ਸੁਣ ਲੈ ਓਹੀ
ਬੂਹੜ ਹੱਥ ਫਟਾਏ ਬਹੁਤੇ, ਦੇਵੈ ਗ਼ਮ ਜਗ ਧ੍ਰੋਹੀ ।੪੯।

ਹਰਿ ਹਰਿ ਥੋਕ ਸਾਈਂ ਥੀਂ ਮੰਗਦੇ, ਆਸ ਭਿ ਸਾਈਂ ਦੀ ਰੱਖਣ
ਮਾਨਸ ਦੀ ਉਹ ਕਾਣ ਨ ਕਢਦੇ, ਸਾਈਂ ਦਾ ਦਿਤਾ ਚੱਖਣ
ਸਾਈਂ ਨਾਲ ਹੀ ਗੱਲਾਂ ਉਨ੍ਹਾਂ ਦੀਆਂ, ਲੋਕਾਂ ਨਾਲ ਨ ਝੱਖਣ
ਬੂਹੜ ਜੇਹੜੇ ਰੱਬ ਦੇ ਸੁਆਲੀ, ਮਜ਼ਾ ਅਜਾਇਬ ਚੱਖਣ ।੫੦।

ਸਾਈਂ ਵਾਲੀਆਂ ਧਾਤਾਂ ਕੀਚਨ, ਓਹੋ ਬਾਤਾਂ ਭਲੀਆਂ
ਜਿਉਂ ਕਰ ਸਾਈਂ ਹਾਸਲ ਹੋਵੈ, ਮਾਣੈ ਇਹ ਜੀਉ ਰਲੀਆਂ
ਅਪਣਾ ਭਾਣਾ ਤਜੇ ਸੁਹਾਗਣਿ, ਸੇਜ ਵਿਛ ਏ ਕਲੀਆਂ
ਬੂਹੜ ਹਾਰ ਸਿੰਗਾਰ ਸੁਹਾਇਨ, ਸ਼ਹੁ ਭਾਣੇ ਜੋ ਰਲੀਆਂ ।੫੧।

ਰੱਬ ਦੀਆਂ ਗੱਲਾਂ ਤਿਨ੍ਹਾਂ ਨੂੰ ਭਾਵਨ, ਜੋ ਹੋਵਨ ਸ਼ਖਸ ਰੱਬਾਣੇ ।
ਜੈ ਕਹੀਂ ਅੰਬ ਨ ਖਾਧਾ; ਸੋ ਅੰਬ ਦਾ ਸਾਦੁ ਕਿਆ ਜਾਣੇ
ਜਿਉ ਉਠ ਜਾਲ ਲਾਣੇ ਦਾ ਕੀੜਾ; ਮੰਗਦਾ ਲਾਣੇ ਲਾਣੇ
ਸਾਈਂ ਵਾਲਾ ਕੋਈ ਇਕ ਅੱਧ ਬੂਹੜ, ਹੋਰ ਨਫਸਾਨੀ ਕਈ ਖਾਣੇ ।੫੨।

ਅਸੀਂ ਬੇਖਬਰ ਤੁਸਾਂ ਥੋਂ ਸਾਈਂ, ਤੁਸੀਂ ਖ਼ਬਰਦਾਰ ਅਸਾਂ ਉਤੇ
ਤੂੰ ਅੱਠੇ ਪਹਿਰ ਅਸਾਂ ਤੇ ਜਾਗਹਿਂ, ਅਸੀਂ ਨੀਂਦ ਗ਼ਫਲਤ ਵਿਚ ਸੁਤੇ
ਔਗਣਆਰ ਬੁਰਿਅ ਰ ਕਮੀਨੇ, ਸਭ ਬੀਜੇ ਬੀਜ ਕੁਰੁੱਤੇ
ਬੂਹੜ ਟੁਕੜੇ ਫਜ਼ਲ ਸੁਆਲੀ, ਅਸੀਂ ਦਰ ਤੇਰੇ ਦੇ ਕੁੱਤੇ ।੫੩।

ਅਸਾਂ ਤੱਕ ਤੁਸਾਡੀ ਸਾਈਂ, ਹੋਰ ਤੱਕਾਂ ਭੁਲ ਗਈਆਂ
ਖਾਸਾ ਮਿਤ੍ਰ ਤੁਧੈ ਨੋ ਜਾਤਾ, ਦਰ ਤੇਰੇ ਢਹਿ ਪਈਆਂ
ਅਉਗਣਹਾਰ ਕੁਰੂਪ ਕੁਚੱਜੀ, ਤਉ ਸਾਹਿਬ ਮੁਲ ਲਈਆਂ
ਹੋਇਆ ਕਰਮ ਜਿਨ੍ਹਾਂ ਤੇ ਬੂਹੜ, ਸੇ ਸ਼ਹੁ ਅੰਗ ਲਾਈਆਂ ਸਈਆਂ ।੫੪।

ਫੁਟਕਲ ਮਾਝਾਂ (ਅਗਿਆਤ)

ਜਦੋਂ ਅਲਫੁ ਇਕੱਲਾ ਆਹਾ, ਤਦੋਂ ਪਤੁ ਨ ਕੂੰਬਲੁ ਡਾਲੀ
ਤਦਹੁ ਅਰਸ਼ ਨ ਕੁਰਸ ਨ ਲੋਹਾ ਕਲਮਾ, ਸਾਹੁ ਸੁਪੈਦ ਨ ਲਾਲੀ
ਤਦਹੁ ਅੰਮਾ ਹੱਵਾ ਨ ਬਾਬਾ ਆਦਮ, ਨ ਵਹਦਤ ਵਾਹਦ ਵਾਲੀ
ਜਦਹੁ ਅਲਫੋਂ ਕੁਨ ਪਸਾਰਾ ਬਧਾ, ਮਾਏ ! ਤਾਂ ਦਿਤੀ ਮੀਮ ਦਿਖਾਲੀ
ਤਦਹੁ ਹੀਰ ਕਲਮਾ ਮਤਿ ਪਹੁਤੀ, ਮਾਏ ਹੋਈ ਰਾਂਝਣ ਵਾਲੀ ।੧।

ਇਸ਼ਕ ਛਪਾਇਆ ਛਿਪਦਾ ਨਾਹੀਂ, ਜੇ ਕੋਈ ਇਸ਼ਕ ਛਪਾਏ
ਸ਼ੇਖ ਮਸਾਇਕ ਕਾਜ਼ੀ ਮੁਲਾਂ, ਇਸ਼ਕ ਪੜਾ ਕੀ ਛਾਏ
ਤੰਬੂ ਦੀਆਂ ਦੁਇ ਚਾਇ ਕਨਾਤਾਂ, ਬਿਰਹੁ ਨਗਾਰੇ ਵਾਏ
ਬੇਪਰਵਾਹ ਤਿਤੇ ਵਲਿ ਨਿਉਂਦੇ, ਜਿਤੁ ਵਲਿ ਇਸ਼ਕ ਨਿਵਾਏ ।੨।

ਆਤਸ਼ ਇਸ਼ਕ ਦੋਵੇਂ ਝਗੜਦੇ, ਇਸ਼ਕ ਆਤਸ਼ ਦਾ ਸਕਾ
ਆਤਸ਼ ਕੋਲੋਂ ਜੋ ਕੁਛ ਰਹਿੰਦਾ, ਇਸ਼ਕ ਨ ਛਡੇ ਫੱਕਾ
ਲੋਹਾਂ ਦੀਆਂ ਕੰਧਾਂ ਗਰਕ ਕਰੇ, ਜੇ ਮੁੜ ਦੇਵੇ ਧੱਕਾ
ਡਰਦੀ ਹੀਰ ਅਰਜ਼ ਕਰੇਂਦੀ, ਤੂੰ ਸੁਣ ਕਾਜ਼ੀ ਹੱਕਾ
'ਰਾਂਝਾ ਮੈਂ ਕੂੰ ਹੱਜ ਬਰਾਬਰ, ਰਾਂਝਣ ਮੈਕੂੰ ਮੱਕਾ ।੩।'

ਦਿਲੁ ਥੋੜਾ ਦਲੀਲਾਂ ਘਣੀਆਂ, ਇਸ ਦਿਲ ਅੰਦਰ ਆਵਣ
ਰੋਮ ਰੋਮ ਦਿਲ ਅੰਦਰ ਉਪਜਨ, ਦਿਲ ਹੀ ਮੰਝਿ ਸਮਾਵਣ
ਦਰਸ਼ਨ ਦਰਵੇਸ਼ਾਂ ਦਰੀਆਵਾਂ, ਵਹਿੰਦਿਆਂ ਵਿਹਾਵਣ ।੪।

ਆਸ਼ਕ ਹੋਣ ਘਿੜੋਟੇ ਘਿਇ ਦੇ, ਕੋਲ ਜਗਾਇਨ ਭਾਹੀਂ
ਅੱਖੀਂ ਸਿਕਨ ਜੇ ਦਸਤ ਨ ਭੇੜਨ, ਆਸ਼ਕ ਸੇ ਸਾਲਾਹੀਂ
ਕੱਪੜ ਦਿਆਂ ਕੜਕਾਰਾਂ ਕੋਲੋਂ, ਤੁਲਹੇ ਬਧੇ ਨੇ ਤਾਂਹੀਂ
ਸਿਕਾਂ ਸਿਕਦੀ ਰਹਿ ਗਈਆਂ, ਲੜਣ ਸੰਝ ਸਬਾਹੀਂ
ਲੰਮੜ ਜਟੀ ਲੜ ਸਾਧਾਂ ਦੇ ਲਗੀ ਮੀਆਂ, ਕਬੂਲ ਜੁ ਪਈਆਂ ਤਰਾਹੀਂ ।੫।

ਕਿਉ ਕਰਿ ਆਖਾਂ ਆਖਿ ਨ ਸੱਘਾਂ, ਆਖਣ ਦੀ ਗਲਿ ਨਾਹੀਂ
ਆਖਣ ਵਿਚ ਅਖਾਵਣੁ ਆਵੇ, ਏ ਦਿਲ ਰਹਿੰਦੀ ਨਾਹੀਂ
ਕਿਉਂ ਕਰ ਆਖਾਂ ਦਿਲ ਅਪਨੀ ਕਉ, ਠਲ ਠੱਲ੍ਹਣ ਦੇ ਨਾਹੀਂ
ਸਜਣਾ ! ਤੂੰ ਹੈ ਆਖੁ ਮੈਂ ਆਖਿ ਨ ਜਾਣਾ, ਤਾਂ ਮੈਂ ਆਖਾਂ ਨਾਹੀਂ ।੬।

ਜੇ ਚੜ੍ਹਿ ਦੇਖਾਂ ਰੰਗ ਮਹਲੀ, ਸਾਹਿਬੁ ਦਿਸਦਾ ਨਾਹੀਂ
ਅੰਦਰੁ ਢੂੰਢਾਂ ਬਾਹਰ ਢੂੰਢਾਂ, ਢੂੰਢ ਥਕੀ ਸਭ ਥਾਈਂ
ਜੇ ਜਾਇ ਪਵਾਂ ਮੈਂ ਵਿਚਿ ਦਰਿਆਵਾਂ, ਬਲਿ ਬਲਿ ਉਠਨਿ ਭਾਹੀਂ
ਵਿਛੁੜਿਆਂ ਦਿਨ ਬਹੁਤੇ ਹੋਏ, ਸੁਨੇਂ ਆਉ ਕਦਾਹੀਂ ।੭।

ਜਦਾਂ ਹੀਰ ਗੁਮਾਨਣ ਆਹੀ, ਮੱਦਿਆਂ ਸਤੁ ਨ ਦੇਂਦੀ
ਸੁਏ ਇਸ਼ਕ ਕੀਤੀ ਦੀਵਾਨੀ, ਆਈ ਝੱਲ ਚਿਰੇਂਦੀ
ਸ਼ੀਹਾਂ ਦੀ ਅਸਵਾਰੀ ਕਰਦੀ, ਨਾਗਾਂ ਚੋਟ ਮਰੇਂਦੀ
ਮੱਕੇ ਦੇ ਵਿਚ ਡਿਠੀ ਫਕੀਰਾਂ, ਲੰਗਰ ਖੜੀ ਵੰਡੇਦੀ ।੮।

ਜਾਂ ਕੂਕੀ ਤਾਂ ਰਾਂਝਾ ਕੂਕੀ, ਲੋਕੁ ਬਿਡਾਣਾਂ ਹਸੈ
ਬਾਹਰ ਨਾਉਂ ਤਿਸ ਦਾ ਲਈਐ, ਜੋ ਦਿਲ ਅੰਦਰਿ ਵਸੈ
ਰਾਂਝੇ ਨਾਲ ਪਿਆਰੀ ਵੇਸਾਂ, ਮੋੜੇ ਘਤਿ ਮਧਾਣਾ
ਮੋ ਰਾਂਝਾ ਕਿਉਂ ਵਿਸਰਿ ਜਾਵੈ, ਮੈਂਡਿਆਂ ਰੋਮਾਂ ਵਿਚ ਸਮਾਣਾ ।੯।

ਵਾਟਾਂ ਹੋਈਆਂ ਉਭੀਆਂ ਲੰਮੀਆਂ, ਕਉਣ ਆਵੈ ਕਉਣ ਜਾਵੇ
ਵਿਛੁੜਿ ਯਾਰ ਗਏ ਦੁਰਾਡੇ, ਲਖ ਗੋਤੇ ਦਿਲ ਖਾਵੇ
ਅਜ ਕਿ ਗੱਲ ਸੁਣੇਸੀ ਰਾਂਝਾ, ਮੈਂ ਮਰਸਾਂ ਤੈਂਡੇ ਹਾਵੇ
ਨ ਕੋ ਆਵੇ ਨ ਕੋ ਜਾਵੇ, ਨਾ ਕੋ ਡੇਇ ਸਨੇਹਾ
ਇਕਸੁ ਹਾਥੇ ਯਾਰ ਬਿਨਾਹੂ, ਮੈਂਡਾ ਜੀਵਣ ਭਠਿ ਅਜੇਹਾ ।੧੦।

ਰਾਤੀ ਨੀਂਦ ਨ ਡਿਹੇ ਅਸਾਇਸਿ, ਸਿਕਾਂ ਹਰਦਮ ਵੇਲੇ
ਤੁਮਤੇ ਸਤਿਗੁਰ ਆਇ ਖੜੇਤਾ, ਵਿਛੋੜੇ ਦੇ ਵੇਲੇ
ਸਤਿਗੁਰ ਬਿਰਦ ਸਮਾਲ ਆਪਣਾ, ਮੈਂ ਨਿਰਗੁਣਿਆਰੀ ਮੇਲੇ
ਨ ਮੈਂ ਪੰਖ ਨ ਪਾਉਂ ਨਿਮਾਣੀ, ਕਿਉਂ ਕਰ ਝਾਂਗੀ ਬੇਲੇ ।੧੧।

ਖਰਬੂਜੇ ਦੀ ਫਾੜੀ ਵਾਗੂੰ, ਮੁਸ਼ਕ ਛਡਿਆ ਤਰਣਾਪੈ
ਏਹਾ ਵਾਰੀ ਤੈਂਡੀ ਖਰੀ ਪਿਆਰੀ, ਤੋੜਿ ਚੜ੍ਹੇ ਤਾਂ ਜਾਪੈ
ਹੀਰੇ ਨੂੰ ਕੀ ਝੂਰੇਂਦੀ ਮਾਏ, ਨੇਹੁ ਜੁ ਲਾਇਆ ਆਪੇ ।੧੨।

ਕੋ ਜਾਣਾ ਰੱਬ ਕੀ ਹੁਣ ਕਰਸੀ, ਕਿਤ ਵਲ ਢਲਸੀ ਪਾਸਾ
ਮਿਟੀ ਦਾ ਕਲਬੂਤ ਬਣਾਇਅ, ਤਿਸ ਵਿਚਿ ਤੇਰਾ ਵਾਸਾ
ਲੱਖ ਕਰੋੜੀਂ ਹਥ ਨ ਆਵੇ, ਜਿਉਂ ਉਡ ਜਾਂਦਾ ਬਾਸਾ
ਮਨੂਆ ਹਰਿ ਹਰਿ ਚੇਤ ਸਵੇਰੇ, ਏਨ੍ਹਾ ਸਾਸਾਂ ਦਾ ਕੀ ਭਰਵਾਸਾ ।੧੩।

ਸਜਣ ਵਿਚਿ ਮਹਲੀ ਰਹਿੰਦੇ, ਅਸੀਂ ਦਰ ਤੇ ਪੜੇ ਸਿਕੇਹਾਂ
ਕਾਗਜੁ ਤੇ ਮਸਵਾਣੀ ਆਨਿ, ਸਭੇ ਸੂਲ ਲਿਖੇਹਾਂ
ਜੇਕਰ ਨਜ਼ਰ ਅਸਾਨੂੰ ਦੇਖਣ, ਤਾਂ ਸੜਦੇ ਉਠਿ ਬਹੇਹਾਂ
.... ।੧੪।

ਇਕ ਦਿਨ ਸਤਿਗੁਰ ਪੂਰੇ ਕੋਲੋਂ, ਪ੍ਰੇਮ ਸੁਰਾਹੀ ਪੀਤੀ
ਭਾਇ ਅਸਾਡੇ ਲਿਖੀ ਫਕੀਰੀ, ਅਸਾਂ ਮਸਤਕ ਤੇ ਧਰ ਲੀਤੀ
ਹਿਰਦੈ ਨਾਮੁ ਕਿਉਂ ਨਹੀਂ ਜਪਦਾ, ਮੂੜੇ ਕਿਉਂ ਹਰਿ ਕੀ ਭਗਤਿ ਨ ਕੀਤੀ
ਅਗੈ ਹੋਈ ਸੁ ਸਮਝ ਨਿਦਾਨਾ, ਪਿਛੈ ਹੋਈ ਸੁ ਬੀਤੀ ।੧੫।

ਮਨ ਅਸਵਾਰ ਪਵਨ ਕਾ ਘੋੜਾ, ਅਸਾਂ ਗਗਨਿ ਤਮਾਸੈ ਜਾਣਾ
ਗਗਨ ਅੰਦਰ ਇਕ ਬਾਗ ਅਜਾਇਬ, ਚੁਣਿ ਅੰਮ੍ਰਿਤ ਫਲ ਖਾਣਾ
ਮਿਠਾ ਬੋਲਣੁ ਨਾਮ ਅਰਾਧਣੁ, ਸੀਤਲ ਪਵਨ ਫੁਹਾਰਾਂ
ਇਕ ਘੜੀ ਵਿਚ ਲੰਘਿਆ ਲੋੜਨ, ਕੌਂਫ ਕਹਰ ਕੀਆਂ ਧਾਰਾਂ
ਦਸਤ ਜਿਨ੍ਹਾਂ ਦੇ ਮਨ ਦੀਆਂ ਬਾਗਾਂ, ਤਿਨਾਂ ਕਉਣ ਮਿਲੈ ਅਸਵਾਰਾਂ ।੧੬।

ਘਾਇਲੁ ਕਰਕੈ ਮਾਇਲ ਕੀਤੀ, ਕਰੋ ਅਸਾਡੀ ਕਾਰੀ
ਅਸੀਂ ਤੁਸਾਡੀ ਨੈਣੀਂ ਫੱਟੇ, ਲੋਕ ਫੱਟੈ ਤਰਵਾਰੀ
ਲਾਇ ਮੁਹੱਬਤ ਪਿੱਠਾ ਦੇਂਦੇ, ਭਠਿ ਤਿਨਾਂ ਦੀ ਯਾਰੀ
ਭਲਾ ਹੋਇਆ ਦਿਨ ਥੋੜੇ ਬੀਤੇ, ਉਮਰ ਨ ਬੀਤੀ ਸਾਰੀ
ਰਾਂਝੇ ਪਿਛੈ ਹੀਰ ਏਵੈਂ ਫਿਰਦੀ, ਜਿਉਂ ਕੂੰਜ ਫਿਰੈ ਗਜ ਮਾਰੀ ।੧੭।

ਹਿਕ ਮਸ਼ੂਕ ਕਰੋੜੀਂ ਆਸ਼ਕ, ਸਭ ਦਰਸ਼ਨ ਮਾਇਲ ਹੋਈ
ਸਭਸੇ ਨੋ ਗੁਲ ਰੁਖ ਦਿਖਾਇਆ, ਖਾਲੀ ਰਹਿਆ ਨ ਕੋਈ
ਸਭੈ ਜਾਣਨ ਯਾਰ ਹਮਾਰਾ, ਸਭ ਯਾਰੀ ਵਿਚ ਪਰੋਈ
ਸਭਸੈ ਦੇ ਘਰ ਦੇ ਵਿਚ ਵਸਦਾ, ਸਾਹਿਬ ਸੁੰਦਰ ਸੋਈ ।੧੮।

ਅੱਤਣ ਵਿਚ ਨ ਕੱਤਣ ਸਿਖੀ, ਨ ਸਹੀਆਂ ਵਿਚ ਰਲਦੀ
ਕੱਤਣ ਚਾਉ ਆਵੈ ਉਸ ਕਿਉਂਕਰ, ਭਾਣੈ ਮਨ ਦੇ ਚਲਦੀ

ਖੇਡਣ ਕੁੱਦਣ ਮਿਠਾ ਲੱਗਾ, ਅਲਬੇਲੀ ਪਈ ਪਲਦੀ
ਸਾਹੁਰੈ ਦਾਜ ਨ ਕੁਛ ਲੈ ਜਾਸੀ, ਮੱਸਕਿ ਝਿੜਕਾਂ ਝੱਲਦੀ ।੧੯।

ਚਲੋ ਸਹੀਓ ! ਅਸੀਂ ਵੇਖ ਅਵਾਹੇ, ਆਸ਼ਕ ਸੂਲੀ ਚੜ੍ਹਦੇ
ਸੂਲੀ ਚੜ੍ਹਦੇ ਜੋ ਵਹ ਵਹ ਹਸਦੇ, ਮਰਨ ਕੰਨੂ ਨਹੀਂ ਡਰਦੇ
ਅਪਣੇ ਦਿਲਬਰ ਦਸਤ ਵਿਕਾਣੇ, ਉਜ਼ਰ ਨ ਕੋਈ ਧਰਦੇ
ਦੁਸ਼ਮਨ ਦੋਸਤ ਬਰਾਬਰ ਜਾਤਾ, ਪੰਖੀ ਸੱਚੇ ਸਰ ਦੇ ।੨੦।

ਚਲੋ ਸਹੀਓ ! ਅਸੀਂ ਵੇਖ ਅਵਾਹੇ, ਦਿਲਬਰ ਦਸਤ ਵਿਕਾਣੇ
ਖ਼ੁਦੀ ਅਪਣੀ ਥੀਂ ਫ਼ਾਰਗ਼ ਹੋਏ; ਜਾਲਨ ਹੋਏ ਰਬਾਣੇ
ਸਭੇ ਕੰਮ ਸਾਈਂ ਕਊਂ ਸਊਂਪੇ, ਜੀਊਂਦਿਆਂ ਮੁਏ ਨਿਮਾਣੇ
ਫ਼ਾਨੀ ਘਰ ਉਹ ਛੋਡਿ ਚਲੇ, ਜਾਇ ਰੰਗ ਮਹਲ ਥਿਰ ਮਾਣੇ ।੨੧।

ਨਿਕਾ ਕੱਤੇ ਗੰਣਜ ਨ ਘੱਤੇ, ਤਾਂ ਅੰਮੜਿ ਖੁਸ਼ਿ ਥੀਵੀ
ਕੰਮ ਇਆਣੇ ਕਰੇਂ ਨ ਕੁੜੀਏ, ਪਿਰ ਦਾ ਪਿਰਮ ਲੁੜੀਵੀ
ਸਹੀਆਂ ਸੰਗ ਨ ਥੀਵੇਂ ਤੜਾਂ, ਘਰ ਵਿਚ ਵਸਤੁ ਲਭੀਵੀ
ਹੋਵੇਂ ਸੁਘੜ ਕਰੇਂ ਸੁਘੜਾਈਂ,ਤਾਂ ਹਿਸਾਬ ਨ ਕੋਈ ਪੁਛੀਵੀ ।੨੨।

ਛਡ ਦੁਨੀਆਂ ਦਾ ਹਵਸ ਦਿਲ ਤੋਂ, ਤੜਾਂ ਪਾਏਂ ਜ਼ਉਕ ਮਿਤ੍ਰਾਂ ਦਾ
ਜਿਸ ਵੇਖਨ ਕੂੰ ਤੂੰ ਤਰਸਾਵੇਂ, ਸੋ ਸਭ ਖ਼ਲਕਤ ਭਾਂਦਾ
ਬਿਨ ਦਿਲ ਦਿਤਿਆਂ ਕਹੀਂ ਨ ਮਿਲਿਆ, ਸਭ ਕੋ ਕਹਿਆ ਅਮਾਂਦਾ
ਹੋਇਆ ਰੱਬ ਤਿਨ੍ਹਾਂ ਦਾ ਸਾਥੀ, ਜਿਨ ਗਾਲਿਆ ਮਾਸ ਤਨਾਂ ਦਾ ।੨੩।

ਪਕੜ ਉਠਾਲ ਆ ਅਸਾਂ ਨੋਂ ਸਾਈਂ, ਅਸੀਂ ਸੁਤੇ ਨੀਂਦ੍ਰ ਕੁਵੱਲੀ
ਨੀਂਦ੍ਰ ਬਿਨਾ ਨੀਂਦ੍ਰਾਕਲ ਹੋਏ, ਮਤ ਅਸਾਡੀ ਛਲੀ

ਦੋ ਸ਼ਬਦ

ਪ੍ਰਾਚੀਨ ਸਾਹਿਤ ਦੀ ਸੰਭਾਲ ਸਮੇਂ ਦੀ ਸਭ ਤੋਂ ਜ਼ਰੂਰੀ ਮੰਗ ਹੈ। ਇਸਤੋਂ ਬਿਨਾ ਅਸੀਂ ਆਪਣੇ ਸਾਹਿਤ ਜਾਂ ਕਿਸੇ ਸਾਹਿਤਕਾਰ ਦੀ ਇਤਿਹਾਸਕ ਵਿਕਾਸ ਵਿਚ ਸਹੀ ਕੀਮਤ ਨਹੀਂ ਥਾਪ ਸਕਦੇ। ਹੁਣ ਜਦੋਂ ਕਿ ਪੰਜਾਬੀ ਜ਼ਬਾਨ ਦੇ ਭਾਗ ਜਾਗੇ ਹਨ, ਇਸਨੂੰ ਸਿਖਿਆ-ਪਰਣਾਲੀ ਤੇ ਸਰਕਾਰੇ ਦਰਬਾਰੇ ਅਪਣੀ ਯੋਗ ਪਦਵੀ ਮਿਲਣ ਲਗੀ ਹੈ, ਤਾਂ ਜ਼ਰੂਰੀ ਹੈ ਕਿ ਅਸੀਂ ਇਸਦੇ ਪੁਰਾਣੇ ਖਜ਼ਾਨੇ ਨੂੰ ਢੂੰਡੀਏ ਤੇ ਇਸਦੀ ਅਮੀਰੀ ਲੋਕਾਂ ਸਾਮ੍ਹਣੇ ਲਿਆਈਏ।

ਖੋਜੀ ਸੱਜਣ ਜਾਣਦੇ ਹਨ ਕਿ ਅਜੇ ਤਕ ਪਰਾਚੀਨ ਪੰਜਾਬੀ ਵਾਰਤਕ ਤੇ ਕਵਿਤਾ ਦੀਆਂ ਸੈਂਕੜੇ ਰਚਨਾਵਾਂ ਹਥ-ਲਿਖਤ ਰੂਪ ਵਿਚ ਹੀ ਪਈਆਂ ਹਨ ਤੇ ਉਨ੍ਹਾਂ ਨੂੰ ਛਾਪੇਖਾਨੇ ਦੇ ਦਰਸ਼ਨ ਨਸੀਬ ਨਹੀਂ ਹੋਏ, ਬਹੁਤ ਸਾਰੀਆਂ ਚੀਜ਼ਾਂ ਕਾਗਜ਼-ਕੀਟਾਣੂਆਂ ਦੀ ਖੁਰਾਕ ਬਣ ਕੇ ਸਾਥੋਂ ਸਦਾ ਲਈ ਗੁਆਚ ਗਈਆਂ ਹਨ। ਹੁਣ ਲੋੜ ਹੈ ਕਿ ਬਚਦੇ ਸਾਹਿਤ ਦੀ ਸਮੇਂ ਸਿਰ, ਸਹੀ ਤਰ੍ਹਾਂ ਸੰਭਾਲ ਕੀਤੀ ਜਾਵੇ।

ਕਾਵਿ-ਰੂਪ ਤੇ ਆਧਾਰਤ ਕਾਵਿ-ਸੰਚੀਆਂ ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ ਤੋਂ ਬਾਅਦ ਪੰਜਾਬੀ ਮਾਝਾਂ ਇਸ ਲੜੀ ਦੀ ਤੀਜੀ ਪੁਸਤਕ ਹੈ, ਜਿਸ ਵਿਚ ਲਗਭਗ ਬਵੰਜਾ ਤੋਂ ਉਤੇ ਕਵੀਆਂ ਦੀਆਂ ਅਣਛਪੀਆਂ ਰਚਨਾਵਾਂ ਹੱਥਲਿਖਤਾਂ ਤੋਂ ਲਭ ਕੇ ਦਿਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਕਈ ਕਵੀ ਅਜੇਹੇ ਹਨ, ਜਿਨ੍ਹਾਂ ਦਾ ਨਾਂ ਪਹਿਲੀ ਵਾਰੀ ਹੀ ਪਾਠਕ ਪੜ੍ਹਨਗੇ। ਸਮੂੰਹ ਸੰਬੰਧਤ ਲਾਇਬ੍ਰੇਰੀਅਨ ਸਾਹਿਬਾਨ ਦੇ ਧੰਨਵਾਦ ਨਾਲ ਮੈਂ ਆਪਣੇ ਮਿਤ੍ਰ ਸ੍ਰ: ਰਣਧੀਰ ਸਿੰਘ ਜੀ ਦਾ ਵੀ ਅਤੀ ਧੰਨਵਾਦੀ ਹਾਂ, ਜਿਨ੍ਹਾਂ ਸਮੇਂ ਸਮੇ ਕਈ ਕੀਮਤੀ ਮਸ਼ਵਰੇ ਦੇਣ ਦੀ ਕਿਰਪਾਲਤਾ ਕੀਤੀ ਹੈ।

ਕਲਮ ਮੰਦਰ, ਪਟਿਆਲਾ] ਪਿਆਰਾ ਸਿੰਘ ਪਦਮ

ਠਗਾਂ ਚੋਰਾਂ ਨੋ ਮਿਤ੍ਰ ਜਾਤਾ, ਸਭ ਵਸਤੁ ਖੁਹਾਈ ਭਲੀ
ਜਿਨਾਂ ਕੰਨੂੰ ਨਸਣਾ ਬਣਦਾ, ਸੁਰਤਿ ਤਿਨ੍ਹਾਂ ਨਾਲ ਰਲੀ ।੨੪।

ਪਕੜ ਉਠਾਲ ਆ ਅਸਾਂ ਨੋ ਸਾਈ, ਅਸੀਂ ਮਾਇਆ ਮਦ ਪੀ ਸੁਤੇ
ਸਾਥੀ ਸੰਤ ਤੁਰ ਗਏ ਅਸਾੜੇ, ਅਸੀਂ ਰਹਿ ਗਏ ਪਿਛੇ ਵਿਗੁਤੇ
ਅਪਣੀ ਕਰਣੀ ਕਰ ਕੈ ਵਿਛੁੜੇ, ਦੋਸ਼ ਨ ਕਿਸੇ ਦੇ ਉਤੇ
ਤੇਰੀ ਕ੍ਰਿਪਾ ਦਾ ਪਛ ਪਾਈਐ, ਤਾਂ ਅਜਣ ਭਿ ਮਿਲਣ ਦੀ ਰੁਤੇ ।੨੫।

ਮੈਂ ਵਿਚ ਮੈਂਡੀ ਮੈਂ ਨ ਕਾਈ, ਉਹ ਵਖਤ ਆਸੀ ਕਦ ਸਾਈਂ
ਸਾਰਾ ਜਗਤ ਸਰੀਨੀ ਦੇਵਾਂ, ਸਭ ਸਰਬੰਸ ਲੁਟਾਈਂ
ਉਮਰ ਸਾਰੀ ਦੀ ਚਿੰਤਾ ਸਭਾ, ਅਗਨੀ ਪਾਇ ਜਲਾਈਂ
ਹਰਿਜਨ ਬਿਨਾ ਇਹ ਬਲ ਕਉਣ ਦੇਵੇ, ਜਿਤ ਬਲ ਖੁਦੀ ਵੰਞਾਈ ।੨੬।

ਭਉ ਤੇਰਾ ਤੇਲ ਬਾਤੀ ਤੇਰੀ ਕਿਰਪਾ, ਦੀਵਾ ਇਹ ਮਨ ਮੇਰਾ
ਜੋਤ ਭਜਨ ਤੁਮਰਾ ਹੈ ਸੁਆਮੀ, ਕਰੇ ਬਿਨਾਸ਼ ਅੰਧੇਰਾ
ਜਗਤ ਮੰਦਰ ਮਾਹਿ ਦੀਪ ਜਗਾਈਐ, ਸਭ ਕਉ ਭਾਉ ਘਨੇਰਾ
ਬਾਤੀ ਤੇਲ ਨ ਥੋੜਾ ਕਰੀਐ, ਵਸਦਾ ਰਖੀਐ ਡੇਰਾ ।੨੭।

ਤੇਰੀ ਮਿਹਰ ਲੁੜੀਂਦੀ ਸਾਈਂ, ਜੇ ਤੂੰ ਕਰਹਿੰ ਸਤਾਰੀ
ਆਜਜ਼ ਊਪਰਿ ਕਰੀਐ ਕ੍ਰਿਪਾ, ਤੁਮਹੋਂ ਬਡ ਉਪਕਾਰੀ
ਦੇਹੁ ਦਾਨ ਮੰਗਾਂ ਤਉ ਕੰਨੂੰ, ਮਨ ਤੇ ਨਾਹਿ ਵਿਸਾਰੀਂ
ਅਗੇ ਭੀ ਲਖ ਚੰਗਿਆਈਆਂ ਤੇਰੀਆਂ, ਹਿਕ ਇਹ ਭੀ ਖੱਟ ਮੁਰਾਰੀ
।੨੮।

ਰਾਂਝਾ ਮੇਰਾ ਮੋਤੀ ਦਾਣਾ, ਢੂੰਢ ਫਿਰੀ ਜਗ ਸਾਰਾ
ਜੇ ਕੋਈ ਰਾਂਝੇ ਦੀ ਖਬਰ ਲਿਆਵੇ, ਬਖਸ਼ਾਂ ਤਖਤ ਹਜ਼ਾਰਾ
ਤਖਤ ਹਜ਼ਾਰੇ ਦੀ ਔਖੀ ਘਾਟੀ, ਆਣ ਲੱਥਾ ਵਣਜਾਰਾ
ਵਣਜਾਰਾ ਹੋ ਕੇ ਵਣਜ ਨ ਕਰਦਾ, ਤੇ ਲਗੀਆਂ ਦਾ ਪੰਥ ਨਿਆਰਾ ।੨੯।

ਦੋਏ ਲੋਕ ਤਿਨ੍ਹਾਂ ਦੇ ਚੰਗੇ, ਜੋ ਮੁਰਸ਼ਦ ਦਾ ਦਮ ਭਰਦੇ
ਨਿਸਦਿਨ ਰਹਿਣ ਸੁਖਾਲੇ ਸੋਈ, ਜੋ ਆਸ ਗੁਰੂ ਮਨ ਧਰਦੇ
ਮਨ ਬਚ ਕਰਮ ਨ ਰੰਜਨ ਕਾਹੂ, ਹਰਿ ਘਟ ਦੇਖਣ ਹਰਿ ਦੇ
ਸਿੰਘ ਕ੍ਰਿਪਾ ਨਿਜ ਰੂਪ ਜਗਤ ਲਖ, ਜਨਮ ਮਰਨ ਦੁਖ ਹਰਦੇ ।੩੦।

ਉਨ੍ਹਾਂ ਦੋਹਾਂ ਲੋਕਾਂ ਦੀ ਕਾਣ ਚੁਕਾਈ ਜੋ ਤਾਲਿਬ ਮੇਹਰ ਨਜ਼ਰ ਦੇ
ਉਨ੍ਹਾਂ ਕਾਈ ਵਸਤੁ ਦੀ ਚਾਹ ਨ ਜੱਗ ਵਿਚ, ਜੋ ਪ੍ਰੇਮ ਪਿਆਲਾ ਭਰਦੇ
ਅੰਮ੍ਰਿਤ ਪੀਵਣ ਜੁਗ ਜੁਗ ਜੀਵਣ, ਵੈ ਭੇਦੀ ਇਸ਼ਕ ਨਗਰ ਦੇ
ਸਿੰਘ ਕ੍ਰਿਪਾ ਨਿਜ ਰੂਪ ਦਰਸ ਲਖ, ਨਿਤ ਉਠ ਮੌਜਾਂ ਕਰਦੇ ।੩੧।

ਨਨੂਆ–

ਤੇਰਾ ਮੁੜ ਮੁੜ ਵੇਖਣ ਸਜਣਾ, ਕਰਦਾ ਜੋ ਕੁਛ ਕਰਦਾ ਵੇ
ਮੁੰਨੇ ਸਿਰ ਤੇ ਸਉ ਸਉ ਬੋਦੀ, ਬੋਦੀ ਪਰ ਬੋਦੀ ਧਰਦਾ ਵੇ
ਤੈਨੂੰ ਮਿਹਰ ਨ ਆਵੇ ਮੂਲੋ, ਸੁਣ ਸਾਂਈਂ ਬੇਦਰਦਾ ਵੇ
ਨਨੂਆ ਦਾਮਨ ਪਕੜਿ ਖਲੋਤਾ, ਬੰਦਾ ਤੇਰੇ ਘਰ ਦਾ ਵੇ ।੩੨।

ਤੇਰਾ ਉਡਿ ਉਡਿ ਵੇਖਣ ਸੱਜਣਾ, ਮੇਰੇ ਦਿਲ ਦੀ ਸ਼ਾਦੀ ਵੇ
ਦੋਹਾਂ ਦੇ ਵਿਚ ਹਿੱਕਾ ਮਸਤੀ, ਕੇਹਾ ਨਰ ਤੇ ਮਾਦੀ ਵੇ
ਤੇਰੇ ਦਰ ਕਿਉਂ ਦਾਦ ਨ ਪਾਵੈ, ਜੋ ਆਵੈ ਫਰਿਆਦੀ ਵੇ
ਹਦ ਬਿਹੱਦ ਬੇਹੱਦ ਵਿਚ ਖੇਲੈ, ਸੋ ਨਨੂਏ ਦਾ ਹਾਦੀ ਵੇ ।੩੩।

ਸੱਜਣ ਦੇ ਵਲ ਨੈਣ ਅਸਾਡੇ, ਰਾਤੀਂ ਡੀਹੇਂ ਖੁਲ੍ਹੇ ਵੇ
ਦਰਸ਼ਨ ਪੂਰੇ ਸਦਾ ਹਜ਼ੂਰੇ, ਵੱਤਣ ਡੁਲ੍ਹੇ ਡੁਲ੍ਹੇ ਵੇ
ਨਰਕ ਸੁਰਗ ਤ੍ਰਿਣ ਸੁਕੇ ਵਾਂਗੂ, ਦਿਤੇ ਬਲਦੇ ਚੁਲ੍ਹੇ ਵੇ
ਨਨ੍ਹੂਆ ਦੀਵਾ ਟਿਕੇ ਨ ਇਕ ਪਲ, ਜੇ ਚਉ ਵਾਇ ਆ ਝੁਲ੍ਹੇ ਵੇ ।੩੪।

ਤੇਰਾ ਚੁਖ ਦਿਲਾਸਾ ਸੱਜਣਾ, ਦੀਨ ਦੁਨੀ ਦੀ ਓਟ ਵੇ
ਇਕ ਖਰਾ ਕਰ ਬੱਧਾ ਪੱਲੇ, ਰਹੀ ਨ ਦੁਬਿਧਾ ਖੋਟ ਵੇ
ਜੋ ਕਿਛੁ ਹੋਣਾ ਸੋਈ ਹੋਆ, ਸਿਰ ਦੀ ਸੁੱਟੀ ਪੋਟ ਵੇ
ਨਨ੍ਹੂਆ ਬਿਨ ਸ਼ਰਨੀ ਕਿਉਂ ਪਾਈਐ, ਬੁਰੇ ਭਲੇ ਥੀਂ ਛੋਟ ਵੇ ।੩੫।

ਤੇਰਾ ਚੁਖ ਦਿਲਾਸਾ ਸੱਜਣਾ, ਦੀਨ ਦੁਨੀ ਦੀ ਓਟ ਵੇ
ਮੱਲ੍ਹਮ ਦੀ ਪਰਵਾਹ ਨ ਧਰਦੀ, ਵਾਹੁ ਤੁਸਾਡੀ ਚੋਟ ਵੇ
ਲਗਾ ਨੇਹੁ ਅਨੋਖਾ ਤੇਰਾ, ਦੇਇ ਇਕ ਪਲ ਛੋਟ ਵੇ
ਲੋਟ ਪੋਟ ਲੁਟ ਕੀਤਾ ਨਨ੍ਹੂਆ, ਵਾਹ ਤੁਸਾਡੀ ਲੋਟ ਵੇ ।੩੬।

ਤੇਰਾ ਦਰਸ਼ਨ ਮੇਰੀਆਂ ਅੱਖੀਆਂ, ਸੁਰਮੇ ਵਾਂਙੂ ਘੁੰਮਾਂ ਵੇ
ਜਿਤ ਵਲ ਲੱਗਣ ਚਰਨ ਤੁਸਾਡੇ, ਮੈਂ ਜਾਈਂ ਉਤ ਉਤ ਚੁੰਮਾਂ ਵੇ
ਰਾਤੀਂ ਡੀਹੇਂ ਮਨ ਤਨ ਅੰਦਰ, ਤੇਰੀਆਂ ਉਠਣ ਧੁੰਮਾਂ ਵੇ
ਘਰ ਦਾ ਸਾਹਿਬ ਘਰ ਵਿਚ ਲੱਧਾ, ਨਨ੍ਹੂਆ ਬਲਿ ਬਲਿ ਹੁੰਮਾਂ ਵੇ ।੩੭।

★

ਮਾਸਟਰ ਪ੍ਰਿੰਟਰਜ਼, ਸ਼ੇਰਾਂਵਾਲਾ ਗੇਟ, ਪਟਿਆਲਾ ਵਿਚ ਛਪੀ ।

ਭੂਮਿਕਾ

ਵਾਰ ਤੇ ਬਾਰਾਂਮਾਹ ਵਾਂਙ 'ਮਾਝ' ਵੀ ਪੰਜਾਬੀ ਦਾ ਇਕ ਪੁਰਾਣਾ ਕਾਵਿ-ਰੂਪ ਹੈ, ਜੋ ਸ਼ਾਇਦ ਪੰਜਾਬ ਦੇ ਇਕ ਵਿਸ਼ੇਸ਼ ਰਾਗ ਮਾਝ ਦੇ ਨਾਂ ਤੋਂ ਪ੍ਰਚਲਤ ਹੋਇਆ ਹੈ। ਆਮ ਤੌਰ ਤੇ ਰਾਗਾਂ ਦੇ ਨਾਂ ਦੇਸਾਂ ਦੇ ਨਾਂ ਉਤੇ ਹੀ ਪਏ ਹੋਏ ਹਨ। ਮਾਲੂਮ ਇਉਂ ਹੁੰਦਾ ਹੈ ਕਿ ਪਹਿਲੇ ਪਹਿਲ ਹਰ ਇਲਾਕੇ ਦਾ ਅਪਣਾ ਅਪਣਾ ਗਾਉਣ-ਢੰਗ ਜਾਂ ਗਾਇਨ ਸ਼ੈਲੀ ਪ੍ਰਚਲਤ ਸੀ ਤੇ ਉਸੇ ਗਾਇਨ-ਸ਼ੈਲੀ ਤੋਂ ਵਿਕਸਤ ਹੋ ਕੇ ਰਾਗਾਂ ਦਾ ਮੁਹਾਂਦਰਾ ਬਣਿਆ ਤੇ ਫਿਰ ਉਨ੍ਹਾਂ ਦੇਸਾਂ ਦੇ ਨਾਂ ਤੇ ਹੀ ਉਨ੍ਹਾਂ ਸੰਗੀਤ-ਧੁਨੀਆਂ ਦਾ ਨਾਮ-ਸੰਸਕਾਰ ਹੋਇਆ। ਜਿਵੇਂ–

ਗਉੜ (ਬਿਹਾਰ) ਦੇਸ ਦਾ ਰਾਗ ਗਉੜੀ,
ਗੁਰਜਰ (ਗੁਜਰਾਤ) ਦੇਸ ਦਾ ਰਾਗ ਗੂਜਰੀ,
ਸੋਰਠ ਜਾਂ ਸੁਰਾਸ਼ਟਰ ਦੇਸ ਦਾ ਰਾਗ ਸੋਰਠਿ,
ਮਾਰੂ ਦੇਸ (ਰਾਜਸਥਾਨ) ਦਾ ਰਾਗ ਮਾਰੂ,
ਸਿੰਧ ਦੇਸ ਦਾ ਰਾਗ ਸਿੰਧੜਾ,
ਕੰਨੜ ਦੇ ਇਲਾਕੇ ਦਾ ਕਾਨੜਾ,
ਤਿਲੰਗਾਨਾ ਦੇ ਇਲਾਕੇ ਦਾ ਤਿਲੰਗ,
ਬੈਰਾਰ (ਹੈਦਰਾਬਾਦ) ਦਾ ਰਾਗ ਬੈਰਾੜੀ,
ਟੋਡਾ ਜਾਤੀ ਦੀ ਵਿਸ਼ੇਸ਼ ਗਾਉਣ ਧੁਨੀ ਰਾਗ ਟੋਡੀ,
ਗੋਂਡ ਲੋਕਾਂ ਦਾ ਗਾਉਣ ਢੰਗ ਗੋਂਡ ਰਾਗ, ਕਰਕੇ ਪ੍ਰਸਿਧ ਹੈ।